# ਸਮਤਾ

ਮਾਰਚ 1987 (ਅੰਕ 82)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੁਲਵਿੰਦਰ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਮਾਰਚ 1987
ਮੁੱਲ--ਦੋ ਰੁਪਏ
82

**ਸੰਪਾਦਕੀ**

## ਲੋਕ-ਪੱਖੀ ਸਿਆਸਤ ਦਾ ਨਿਸ਼ਾਨਾ

ਹਾਕਮ ਜਮਾਤਾਂ ਆਪਣੇ ਪਰਚਾਰ ਸਾਧਨਾਂ ਰਾਹੀਂ ਇਸ ਗੱਲ ਵਿਚ ਕਾਮਯਾਬ ਹੋ ਰਹੀਆਂ ਹਨ ਕਿ ਸਾਧਾਰਨ ਬੰਦਿਆਂ ਦੀ ਮੁਕਤੀ ਦੀ ਗੱਲ ਸਿਆਸੀ ਏਜੰਡਾ ਤੋਂ ਹੀ ਗ਼ਾਇਬ ਹੁੰਦੀ ਜਾ ਰਹੀ ਹੈ। ਖੱਬੀ ਧਿਰ ਦੀ ਸਿਆਸਤ ਵੀ ਇਸੇ ਚੱਕਰ ਵਿਚ ਉਲਝ ਗਈ ਹੈ। ਗੱਲ ਤਾਂ ਬਹੁਤੀ ਇਹ ਹੋਣੀ ਚਾਹੀਦੀ ਹੈ ਕਿ ਇਸ ਸਮਾਜ ਵਿਚ ਅਮੀਰ ਤੇ ਗਰੀਬ ਦੇ ਦਰਮਿਆਨੀ ਵਿਤਕਰੇ ਖਤਮ ਹੋਣ। ਵਿਦਿਆ ਸਾਰਿਆਂ ਲਈ ਇਕੋ ਜਿਹੀ ਹੋਵੇ, ਤਰੱਕੀ ਕਰਨ ਦੇ ਸਾਧਨ ਸਾਰਿਆਂ ਲਈ ਇਕੋ ਹੋਣ, ਸਰਕਾਰੀ ਹਸਪਤਾਲਾਂ ਵਿਚ ਇਲਾਜ ਸਾਰਿਆਂ ਲਈ ਮੁਹੱਈਆ ਹੋਵੇ, ਬੁਨਿਆਦੀ ਸਹੂਲਤਾਂ ਵਾਲੇ ਸਾਰਿਆਂ ਕੋਲ ਰਹਿਣ ਲਈ ਮਕਾਨ ਹੋਣ, ਬੱਸਾਂ, ਰੇਲ ਗੱਡੀਆਂ ਵਿਚ ਸਫਰ ਦੀ ਠੀਕ ਸਹੂਲਤ ਹੋਵੇ ਆਦਿਕ। ਭਾਵ ਜ਼ਿੰਦਗੀ ਨੂੰ ਸੌਖਾ, ਸੁਖੀ ਅਤੇ ਖੁਸ਼ੀ ਵਾਲਾ ਬਨਾਉਣ ਵਾਸਤੇ ਪ੍ਰੋਗਰਾਮਾਂ ਉਤੇ ਬਹਿਸ ਹੋਵੇ। ਪਰ ਅਖਬਾਰਾਂ ਪੜ੍ਹੋ, ਟੈਲੀਵੀਯਨ ਦੇਖੋ, ਰੇਡੀਓ ਸੁਣੋ ਜਾਂ ਆਪਸੀ ਗੱਲਬਾਤ ਸੁਣੋ ਤਾਂ ਬਹਿਸ ਹੋਵੇਗੀ ਸਿੱਖ ਅਤੇ ਹਿੰਦੂ ਦੇ ਦਰਮਿਆਨ ਵਿਤਕਰੇ ਦੀ, ਖਾਲਿਸਤਾਨ ਬਣੇ ਜਾਂ ਨਾ? (ਪਹਿਲੇ ਵੀਹ ਸਾਲ ਪੰਜਾਬੀ ਸੂਬੇ ਬਾਰੇ ਹੁੰਦੀ ਰਹੀ ਹੈ) ਗੋਰਖਾਲੈਂਡ ਦੀ ਮੰਗ ਰਾਸ਼ਟਰ ਦੇ ਹਿੱਤ ਵਿਚ ਹੈ ਜਾਂ ਵਿਰੋਧ ਵਿਚ ਹੈ? ਮਿਸ਼ਰਾ ਕਮਿਸ਼ਨ ਦੀ ਰੀਪੋਰਟ ਸਹੀ ਹੈ ਜਾਂ ਗ਼ਲਤ? (ਕੀ ਕਿਸੇ ਸਰਕਾਰੀ ਕਮਿਸ਼ਨ ਦੀ ਰੀਪੋਰਟ ਕਦੇ ਪੱਖਵਾਦ ਤੋਂ ਬਰੀ ਹੋ ਸਕਦੀ ਹੈ?) ਹੁਣ ਸਰਕਾਰੀ ਅਤੇ ਵਿਰੋਧੀ ਪਾਰਟੀਆਂ

**ਇਸ ਅੰਕ ਵਿਚ :**

ਸੰਪਾਦਕੀ : ਲੋਕ ਪੱਖੀ ਸਿਆਸਤ ਦਾ ਨਿਸ਼ਾਨਾ

**ਸੰਪਾਦਕੀ ਟਿੱਪਣੀਆਂ :** ਸਿੰਘ ਸਾਹਿਬਾਨ ਬਨਾਮ ਸਿੱਖ ਸਿਆਸਤ, ਆਓ ਸਪੱਸ਼ਟ ਹੋਈਏ, ਪਾਲ ਸਿੰਘ ਦੀਆਂ ਲਿਖਤਾਂ ਬਾਰੇ ਸਪੱਸ਼ਟੀਕਰਨ ਅਤੇ ਜਵਾਬ, ਸੁਰਖ ਰੇਖਾ ਬਨਾਮ ਗੁਰਸ਼ਰਨ ਸਿੰਘ, ਕੀ ਲੋਕ ਪੱਖੀ ਕਲਾਕਾਰਾਂ ਨੂੰ ਸਰਕਾਰੀ ਪ੍ਰੋਗਰਾਮਾਂ ਵਿਚ ਜਾਣਾ ਚਾਹੀਦਾ ਹੈ?, ਇਨਕਲਾਬੀ ਏਕਤਾ ਕੇਂਦਰ ਅਤੇ ਪਲਸ ਮੰਚ ਦੇ ਸਮਾਗਮ।

**ਕਾਵਿਨਾਟ :** ਧਰਮ ਮਾਮਲਾ ਨਿੱਜ ਦਾ / ਗੁਰਸ਼ਰਨ ਸਿੰਘ

**ਕਵਿਤਾਵਾਂ :** ਮਨਜੀਤ ਕਾਦਰ, ਬਲਬੀਰ ਪਰਵਾਨਾ

**ਪਾਠਕ ਲੇਖਕ ਫੋਰਮ :** ਪਾਲ ਸਿੰਘ, ਕਰਮ ਬਰਸਟ, ਗੋਲ ਮੇਜ਼ ਦੇ ਸੁਝਾਅ ਬਾਰੇ ਇਕ ਚਿੱਠੀ ਤੇ ਉਸਦਾ ਜੁਆਬ

ਮਿਲ ਕੇ ਪੰਜਾਬ ਦਾ ਦੌਰਾ ਲਗਾ ਰਹੀਆਂ ਹਨ। ਉਹ ਪੰਜਾਬ ਦੇ ਲੋਕਾਂ ਨੂੰ ਫਿਰਕਪ੍ਰਸਤੀ ਵਿਰੁੱਧ ਜਾਗਰੂਪ ਕਰਨਗੀਆਂ। ਇਹਨਾਂ ਪਾਰਟੀਆਂ ਵਿਚ ਕਾਂਗਰਸ ਵੀ ਹੈ, ਭਾਰਤੀ ਜਨਤਾ ਪਾਰਟੀ ਵੀ ਹੈ, ਅਕਾਲੀ ਦਲ ਲੌਂਗੋਵਾਲ ਵੀ ਹੈ। ਇਹ ਪਾਰਟੀਆਂ ਫਿਰਕਾਪ੍ਰਸਤੀ ਤੋਂ ਕਿੰਨੀਆਂ ਸਾਫ ਹਨ, ਕੀ ਇਹਨਾਂ ਨੇ ਕਦੇ ਆਪਣੀ ਬੁੱਕਲ ਵਿਚ ਮੂੰਹ ਪਾ ਕੇ ਵੇਖਿਆ ਹੈ ? ਦੋਨੋਂ ਕਮਿਊਨਿਸਟ ਪਾਰਟੀਆਂ ਇਹਨਾਂ ਨਾਲ ਮਿਲ ਕੇ ਜਦੋਂ ਕਦੇ ਕਿਸੇ ਜਲਸੇ ਵਿਚ ਬੋਲਣਗੀਆਂ ਤਾਂ ਉਹਨਾਂ ਦਾ ਆਪਣਾ ਰੀਕਾਰਡ ਜਿਹੜਾ ਹੁਣ ਤੱਕ ਕਮਅਜ਼ਕਮ ਇਸ ਵਿਸ਼ੇ ਤੇ ਕਾਫੀ ਸਾਫ ਸੀ ਕੀ ਉਹ ਵੀ ਦਾਗ਼ੀ ਨਹੀਂ ਹੋ ਜਾਏਗਾ ? ਫੇਰ ਕੀਤਾ ਕੀ ਜਾਏ ? ਇਹ ਬੜਾ ਵੱਡਾ ਸਵਾਲ ਸਾਡੇ ਸਾਹਮਣੇ ਹੈ ਤੇ ਇਹਦੇ ਬਾਰੇ ਸਾਨੂੰ ਕਾਫੀ ਸਪੱਸ਼ਟ ਹੋਣਾ ਚਾਹੀਦਾ ਹੈ। ਅਸੀਂ ਜਿਹੜੇ ਲੋਕ ਪੱਖੀ ਸਿਆਸਤ ਦੇ ਵਚਨਬੱਧ ਹਾਂ। ਸਾਨੂੰ ਆਪਣੀ ਬਦਲਵੀਂ ਸਿਆਸਤ ਲੈ ਕੇ ਲੋਕਾਂ ਵਿਚ ਜਾਣਾ ਚਾਹੀਦਾ ਹੈ। ਸਾਨੂੰ ਵਾਰ ਵਾਰ ਉਹਨਾਂ ਦਾ ਧਿਆਨ ਉਨ੍ਹਾਂ ਮਸਲਿਆਂ ਵੱਲ ਖਿੱਚਣਾ ਚਾਹੀਦਾ ਹੈ ਜਿੰਨ੍ਹਾਂ ਵਾਸਤੇ ਸੰਘਰਸ਼ ਕਰਦਿਆਂ ਉਹਨਾਂ ਦੀ ਅਸਲੀ ਮੁਕਤੀ ਹੋ ਸਕਦੀ ਹੈ। ਫਿਰਕਾਪ੍ਰਸਤੀ, ਵੱਖਵਾਦ, ਧਾਰਮਕ ਸ਼ਾਵਨਵਾਦ, ਧਾਰਮਕ ਮੂਲਵਾਦ ਇਹ ਸਭ ਇਸ ਸੰਕਟਾਂ ਭਰੇ ਸਿਸਟਮ ਦੀ ਦੇਣ ਹਨ। ਇਹਨਾਂ ਦੇ ਵਿਰੁਧ ਬੋਲਦਿਆਂ ਇਸ ਸਿਸਟਮ ਦੇ ਵਿਰੁੱਧ ਬੋਲਣਾ ਬੜਾ ਜ਼ਰੂਰੀ ਹੈ। ਇਸ ਸਿਸਟਮ ਦਾ ਵੱਡਾ ਲੱਛਣ ਇਹ ਹੈ ਕਿ ਇਹ ਸਮਾਜਕ ਇਨਸਾਫ ਵਾਲਾ ਨਹੀਂ। ਇਸ ਵਿਚ ਹਰ ਇਕ ਕਦਰ ਕੀਮਤ ਪੈਸੇ ਨਾਲ ਖ੍ਰੀਦੀ ਵੇਚੀ ਜਾਂਦੀ ਹੈ। ਥੁੜਾਂ ਭਰੀ ਜ਼ਿੰਦਗੀ ਹੀ ਸਾਡੇ ਬਹੁਤ ਸਾਰੇ ਰੋਗਾਂ ਦੀ ਜ਼ਿੰਮੇਵਾਰ ਹੈ। ਵੱਧ ਤੋਂ ਵੱਧ ਆਰਥਕ ਬਰਾਬਰੀ ਦੀ ਮੰਗ ਸਾਡੇ ਲੋਕਾਂ ਵਲੋਂ ਉਠਣੀ ਚਾਹੀਦੀ ਹੈ। ਸਾਧਾਰਨ ਸਿੱਖ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਹਦੀ ਹੋਣੀ ਇਕ ਸਾਧਾਰਨ ਹਿੰਦੂ ਨਾਲ ਬਹੁਤੀ ਮਿਲਦੀ ਹੈ ਨਾਕਿ ਕਿਸੇ ਸਿੱਖ ਅਮੀਰ ਸਰਦਾਰ ਨਾਲ। ਇਸੇ ਤਰ੍ਹਾਂ ਸਾਧਾਰਨ ਹਿੰਦੂ ਦੀ ਹੋਣੀ ਇਕ ਸਾਧਾਰਨ ਸਿੱਖ ਨਾਲ ਮਿਲਦੀ ਹੈ ਨਾਕਿ ਕਿਸੇ ਅਮੀਰ ਹਿੰਦੂ ਕਾਰਖਾਨੇਦਾਰ ਨਾਲ। ਕਿਸੇ ਵੀ ਸ਼ਹਿਰ ਦੇ ਅਮੀਰ ਸਿੱਖਾਂ ਤੇ ਅਮੀਰ ਹਿੰਦੂਆਂ ਦੀ ਸਾਂਝ ਸ਼ਾਮ ਨੂੰ ਕਲੱਬ ਘਰਾਂ ਵਿਚ ਵੇਖੀ ਜਾ ਸਕਦੀ ਹੈ। ਸਾਧਾਰਨ ਬੰਦਿਆਂ ਨੂੰ ਲੜਾਓ ਪਰ ਆਪਸ ਵਿਚ ਜੱਫੀਆਂ ਪਾਓ। ਇਹ ਵੱਡੇ ਲੋਕਾਂ ਦਾ ਦਸਤੂਰ ਹੈ। ਇਹੋ ਗੱਲ ਮੁਲਕਾਂ ਬਾਰੇ ਵੀ ਕਹੀ ਜਾ ਸਕਦੀ ਹੈ। 22 ਜਨਵਰੀ ਤੋਂ ਲੈ ਕੇ 29 ਜਨਵਰੀ ਤੱਕ ਪਾਕਿਸਤਾਨ ਤੇ ਭਾਰਤ ਦੇ ਦਰਮਿਆਨ ਜੰਗ ਦਾ ਵਾਤਾਵਰਣ ਬਣਿਆ ਰਿਹਾ। ਦੋਨੋਂ ਪਾਸੇ ਬਾਰਡਰ ਦੇ ਨੇੜੇ ਵਾਲੇ ਪਿੰਡਾਂ ਦੇ ਲੋਕਾਂ ਨੇ ਬੜੀ ਔਖੀ ਜ਼ਿੰਦਗੀ ਗੁਜ਼ਾਰੀ ਹੈ। ਫੌਜਾਂ ਦੀ ਆਵਾਜਾਈ ਲਈ ਕਈ ਗੱਡੀਆਂ ਬੰਦ ਕਰ ਦਿੱਤੀਆਂ ਗਈਆਂ। ਸਾਧਾਰਨ ਲੋਕਾਂ ਦਾ ਸਫਰ ਔਖਾ ਹੋ ਗਿਆ। ਪਰ ਜਦੋਂ ਪਾਕਿਸਤਾਨ ਦਾ ਪ੍ਰਧਾਨ ਜ਼ਿਆ 21 ਫਰਵਰੀ ਨੂੰ ਦਿੱਲੀ ਆਇਆ ਤਾਂ ਗਿਆਨੀ ਜ਼ੈਲ ਸਿੰਘ ਨਾਲ ਉਹਦੀਆਂ ਜਾਂ ਕਹਿ ਲਵੋ ਗਿਆਨੀ ਜ਼ੈਲ ਸਿੰਘ ਦੀਆਂ ਉਹਦੇ ਨਾਲ ਘੁੱਟ ਘੁੱਟ ਜੱਫੀਆਂ ਜਦੋਂ ਟੈਲੀਵੀਯਨ ਵਿਚ ਦੇਖੀਆਂ ਤਾਂ ਇਹਨਾਂ ਵੱਡੇ ਲੋਕਾਂ ਦਾ ਦੰਭ ਇਕ ਦਮ ਸਾਹਮਣੇ ਆ ਗਿਆ। ਲੋਕਾਂ ਨੂੰ ਲੜਾਓ, ਆਪ ਜੱਫੀਆਂ ਪਾਓ। ਇਸ ਦੰਭ ਨੂੰ ਨੰਗਾ ਕਰਨਾ, ਲੋਕਾਂ ਨੂੰ ਸਹੀ ਸਿਆਸਤ ਦੀ ਲੀਹ ਤੇ ਲਿਆਉਣਾ, ਵੱਧ ਤੋਂ ਵੱਧ ਲੋਕ ਏਕਤਾ ਕਾਇਮ ਕਰਨੀ, ਇਹ ਲੋਕ ਪੱਖੀ ਸਿਆਸਤ ਦਾ ਨਿਸ਼ਾਨਾ ਹੋਣਾ ਚਾਹੀਦਾ ਹੈ। / ਗੁਰਸ਼ਰਨ ਸਿੰਘ

---

**ਇਨਕਲਾਬੀ ਏਕਤਾ ਕੇਂਦਰ ਵਲੋਂ 7 ਮਾਰਚ ਤੋਂ 22 ਮਾਰਚ ਤੱਕ ਇਨਕਲਾਬੀ ਮਾਰਚ**

ਗੁਰਦਾਸਪੁਰ, ਅਮ੍ਰਿਤਸਰ, ਕਪੂਰਥਲਾ ਅਤੇ ਜਲੰਧਰ ਦੇ ਵੱਖ ਵੱਖ ਪਿੰਡਾਂ ਵਿਚ ਝੰਡਾ ਮਾਰਚ ਅਤੇ ਰੈਲੀਆਂ। ਇਹ 15 ਦਿਨਾਂ ਦਾ ਪ੍ਰੋਗਰਾਮ 7 ਮਾਰਚ ਰੰਜੀਤ ਬਾਗ (ਗੁਰਦਾਸਪੁਰ) ਤੋਂ ਇਕ ਰੈਲੀ ਦੇ ਰੂਪ ਵਿਚ ਸ਼ੁਰੂ ਕੀਤਾ ਜਾਏਗਾ ਅਤੇ 22 ਮਾਰਚ ਖ਼ਟਕੜ ਕਲਾਂ ਵੱਡੀ ਰੈਲੀ ਤੋਂ ਬਾਅਦ ਖਤਮ ਹੋਵੇਗਾ।

---

ਪੰਜਾਬੀ ਸਾਹਿਤਕ ਮੈਗਜ਼ੀਨ **"ਵਕਤ"** 23 ਮਾਰਚ ਨੂੰ ਰੀਲੀਜ਼ ਕੀਤਾ ਜਾ ਰਿਹਾ ਹੈ।

ਰਚਨਾਵਾਂ ਤੇ ਚਿੱਠੀ ਪੱਤਰ ਲਈ ਪਤਾ :

ਗੁਰਦਿਆਲ ਸਿੰਘ—ਵੋਟ ਆਰਟ ਪ੍ਰੈਸ, ਸ਼ਾਹਕੋਟ-144702 (ਜ਼ਿਲ੍ਹਾ ਜਲੰਧਰ)

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਅਤੇ ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾ; ਖਾਲਸਾ ਕਾਲਜ, ਅੰਮ੍ਰਿਤਸਰ-143002 : ਸਾਲਾਨਾ ਚੰਦਾ: 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

## ਸੰਪਾਦਕੀ ਟਿਪਣੀਆਂ

### o ਸਿੰਘ ਸਾਹਿਬਾਨ ਬਨਾਮ ਹਕੂਮਤੀ ਪਾਰਟੀ :

ਧਰਮ ਅਤੇ ਸਿਆਸਤ ਦੇ ਆਪਸੀ ਰਿਸ਼ਤੇ ਬਾਰੇ ਕੁਝ ਗੱਲਾਂ ਨਿਖਰ ਕੇ ਸਾਹਮਣੇ ਆਈਆਂ ਹਨ ਜੋ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਸਿਆਸਤ ਤੇ ਡੂੰਘਾ ਅਸਰ ਰੱਖਣਗੀਆਂ । ਅਕਾਲੀ ਦਲ ਦੀ ਸਾਰੀ ਸਿਆਸਤ ਦਾ ਆਧਾਰ ਧਰਮ ਤੇ ਰਿਹਾ ਹੈ । ਇਹਦੀਆਂ ਬਹੁਤ ਸਾਰੀਆਂ ਨੀਤੀਆਂ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਇਹ ਨਤੀਜੇ ਨਿਕਲਦੇ ਰਹੇ ਕਿ ਇਹ ਪਾਰਟੀ ਮੁੱਖ ਤੌਰ ਤੇ ਧੰਨੀ ਕਿਸਾਨਾਂ ਦੀ ਨੁਮਾਇੰਦਗੀ ਕਰਦੀ ਹੈ ਪਰ ਕੁਝ ਵੀ ਹੋਵੇ, ਬੁਨਿਆਦ ਹਮੇਸ਼ਾ ਇਸ ਪਾਰਟੀ ਦੀ ਧਰਮ ਤੇ ਹੀ ਰਹੀ । ਇਹਦੇ ਸਾਰੇ ਅੰਦੋਲਨ ਧਰਮ ਦੇ ਨਾਂ ਤੇ ਹੀ ਚਲਦੇ ਰਹੇ ਅਤੇ ਉਹਨਾਂ ਦੇ ਗੜ੍ਹ ਵੀ ਧਰਮ ਅਸਥਾਨ ਰਹੇ । ਇਹ ਸਿਆਸਤ ਭਾਵੇਂ ਲੋਕਾਂ ਦੇ ਧਾਰਮਕ ਜਜ਼ਬਿਆਂ ਨੂੰ ਵਰਤਕੇ ਵਡੀ ਸਫਲਤਾ ਵੀ ਲੈਂਦੀ ਰਹੀ ਹੈ, ਪਰ ਅੱਜ ਦੇ ਪ੍ਰਸੰਗ ਵਿਚ ਇਹ ਸਿਆਸਤ ਪਿਛਾਕੜ ਹੀ ਸੀ । ਇਹਦਾ ਸਾਧਾਰਨ ਸਿਖਾਂ ਦੇ ਹਿੱਤਾਂ ਨਾਲ ਕੋਈ ਸਰੋਕਾਰ ਨਹੀਂ । ਇਸ ਦਾ ਪ੍ਰਮਾਣ ਪਹਿਲੇ ਹੀ ਇਮਤਿਹਾਨ ਵਿਚ ਸਾਹਮਣੇ ਆ ਗਿਆ ਹੈ । ਸਿੰਘ ਸਾਹਿਬਾਨ ਨੇ ਜਦੋਂ ਹੁਕਮਨਾਮਾ ਕਢਿਆ ਕਿ ਸਾਰੇ ਅਕਾਲੀ ਦਲ ਆਪਣੇ ਆਪ ਨੂੰ ਭੰਗ ਕਰ ਦੇਣ ਤਾਂ ਜਿਹੜੇ ਕੁਰਸੀਆਂ ਤੋਂ ਲਾਂਭੇ ਸਨ, ਉਹਨਾਂ ਨੇ ਇਕ ਮਿੰਟ ਨਾਂ ਲਾਇਆ ਤੇ ਸਿੰਘ ਸਾਹਿਬਾਨ ਦਾ ਹੁਕਮ ਮੰਨ ਲਿਆ ਪਰ ਜਿਹੜੇ ਕੁਰਸੀਆਂ ਤੇ ਬੈਠੇ ਸਨ, ਉਹ ਸ਼ਸ਼ੋਪੰਜ ਵਿਚ ਪੈ ਗਏ ਤੇ ਅਖੀਰ ਉਹਨਾਂ ਵਿਚੋਂ ਬਹੁਤਿਆਂ ਨੇ ਸਿੰਘ ਸਾਹਿਬਾਨ ਦੀ ਗੱਲ ਠੁਕਰਾ ਦਿਤੀ । ਸਾਬਤ ਹੋ ਗਿਆ ਹੈ ਕਿ ਧਰਮ ਤਾਂ ਇਕ ਬਹਾਨਾ ਸੀ ਜਿਸਦੇ ਰਾਹੀਂ ਇਹ ਲੋਕ ਕੁਰਸੀਆਂ ਤੇ ਪੁੱਜਦੇ ਹਨ । ਸਿੰਘ ਸਾਹਿਬਾਨ ਦਾ ਸਿਆਸੀ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਦਿਆਂ ਹੋਇਆ ਹੁਕਮਨਾਮਾ ਰੱਦ ਹੋ ਜਾਣਾ ਪੰਜਾਬ ਦੀ ਸਿਆਸਤ ਲਈ ਇਕ ਚੰਗਾ ਹੀ ਸ਼ਗਨ ਹੈ ।

### o ਕੁਝ ਗੱਲਾਂ ਬਾਰੇ ਬਿਲਕੁਲ ਸਪਸ਼ਟ ਹੋਈਏ

ਪੰਜਾਬ ਦੀ ਸਿਆਸਤ ਵਿਚ ਦੋ ਗੱਲਾਂ ਸਾਹਮਣੇ ਉੱਭਰਕੇ ਆਈਆਂ ਹੋਈਆਂ ਹਨ । ਇਕ ਗੱਲ ਤੇ ਸਿਆਸੀ ਸੰਘਰਸ਼ ਦੀ ਹੈ ਜਿਸ ਦਾ ਆਧਾਰ ਹੈ ਕਿ ਕੇਂਦਰ ਨੇ ਬਹੁਤ ਸਾਰਿਆਂ ਮਾਮਲਿਆਂ ਵਿਚ ਪੰਜਾਬ ਦੇ ਲੋਕਾਂ ਵਲ ਇਕ ਮਤਰੇਈ ਮਾਂ ਵਾਲਾ ਸਲੂਕ ਅਪਣਾਇਆ ਹੋਇਆ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਆਪਣੇ ਹੱਕਾਂ ਲਈ ਇਕ ਲੜਾਈ ਲੜਨੀ ਪੈਣੀ ਹੈ । ਇਹ ਲੜਾਈ ਹੋਰ ਵੀ ਬਹੁਤ ਸਾਰੇ ਸੂਬਿਆਂ ਨੂੰ ਲੜਣੀ ਪੈ ਰਹੀ ਹੈ, ਜਿਨ੍ਹਾਂ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਨਹੀਂ । ਇਹ ਇਕ ਸਿਆਸੀ ਲੜਾਈ ਹੈ ਤੇ ਸਿਆਸੀ ਪਾਰਟੀਆਂ ਨੂੰ ਇਹ ਹੱਕ ਹੈ ਕਿ ਉਹ ਲੋਕਾਂ ਨੂੰ ਇਸ ਲੜਾਈ ਲਈ ਲਾਮਬੰਦ ਕਰਨ, ਸੰਘਰਸ਼ ਕਰਨ, ਮੋਰਚੇ ਲਗਾਉਣ ਅਤੇ ਵਿਸ਼ਾਲ ਪੱਧਰ ਤੇ ਅੰਦੋਲਨ ਚਲਾਉਣ । ਦੂਜੀ ਗੱਲ ਜਾਂ ਦੂਜਾ ਵਰਤਾਰਾ ਜੋ ਪੰਜਾਬ ਵਿਚ ਚਲ ਰਿਹਾ ਹੈ, ਉਹ ਕਥਿਤ ਕਾਨੂੰਨ ਤੇ ਕਥਿਤ ਅਤਿਵਾਦੀਆਂ ਦੇ ਦਰਮਿਆਨ ਦਾ ਸੰਘਰਸ਼ ਹੈ । ਇਸ ਵਰਤਾਰੇ ਵਿਚ ਦੋਨੋਂ ਧਿਰਾਂ ਹੀ ਦੂਰੋਂ ਅਤੇ ਗੰਦੀ ਖੇਡ ਖੇਡ ਰਹੀਆਂ ਹਨ । ਕਾਨੂੰਨ ਵਾਲੇ ਕਾਨੂੰਨ ਨੂੰ ਛਿੱਕੇ ਤੇ ਟੰਗ ਕੇ ਝੂਠੇ ਪੁਲਸ ਮੁਕਾਬਲੇ ਬਣਾਉਂਦੇ ਹਨ, ਕਿਸੇ ਅਤਿਵਾਦੀ ਨੂੰ ਪਕੜ ਨਹੀਂ ਸਕਦੇ ਤਾਂ ਉਹਦੇ ਘਰ ਵਾਲਿਆਂ ਨਾਲ ਨਜਾਇਜ਼ ਹਰਕਤਾਂ ਕਰਦੇ ਹਨ, ਆਪਣੀ ਨਲਾਇਕੀ ਨੂੰ ਛੁਪਾਉਣ ਦੀ ਖਾਤਿਰ ਛਿੱਥੇ ਪੈ ਕੇ ਪਿੰਡਾਂ ਸ਼ਹਿਰਾਂ ਵਿਚ ਦਹਿਸ਼ਤ ਪਾਉਂਦੇ ਹਨ, ਤਲਾਸ਼ੀਆਂ ਲੈਣ ਦੇ ਬਹਾਨੇ ਡਾਕਾਜ਼ਨੀ ਕਰਦੇ ਹਨ, ਸਾਧਾਰਨ ਸ਼ਹਿਰੀਆਂ ਨੂੰ ਜ਼ਲੀਲ ਕਰਦੇ ਹਨ । ਇਸੇ ਤਰ੍ਹਾਂ ਅਤਿਵਾਦੀ ਗੰਦੀ ਖੇਡ ਖੇਡਦਿਆਂ ਬਸਾਂ ਵਿਚ ਕਤਲ ਕਰਦੇ ਹਨ ਆਪਣੇ ਸਿਆਸੀ ਵਿਰੋਧੀਆਂ ਨੂੰ ਮਾਰ ਮੁਕਾਉਣ ਦੀਆਂ ਧਮਕੀਆਂ ਦੇਂਦੇ ਹਨ ਅਤੇ ਮਾਰਦੇ ਵੀ ਹਨ । ਬੱਚਿਆਂ ਔਰਤਾਂ ਦਾ ਕਤਲ ਕਰਦੇ ਹਨ । ਛਿੱਥੇ ਪੈ ਕੇ ਪੁਲਸ ਅਧਿਕਾਰੀਆਂ ਦੇ ਬਾਲ-ਬੱਚਿਆਂ ਜਾਂ ਬੁੱਢੇ ਮਾਪਿਆਂ ਦਾ ਕਤਲ ਕਰਦੇ ਹਨ । ਇਹਨਾਂ ਦਾ ਪੰਜਾਬ ਦੀ ਕਿਸੇ ਮੰਗ ਨਾਲ ਕੋਈ ਸਰੋਕਾਰ ਨਹੀਂ । ਖਾਲਿਸਤਾਨ ਦਾ ਨਾਅਰਾ ਵੀ ਜਦੋਂ ਇਹ ਲਗਾਂਦੇ ਹਨ ਤਾਂ ਉਹਦੇ ਪਿੱਛੇ ਕੋਈ ਸਿਆਸਤ ਜਾਂ ਸੁਹਿਰਦਤਾ ਨਹੀਂ । ਆਪਣੇ ਕਾਲੇ ਕਾਰਨਾਮਿਆਂ ਨੂੰ ਢਿਕ ਠੁਮਣਾ ਦੇਣ ਲਈ ਇਹ ਨਾਅਰਾ ਲਗਾਇਆ ਜਾਂਦਾ ਹੈ । ਸਾਨੂੰ ਪਹਿਲੀ ਲੜਾਈ ਅਤੇ ਦੂਜੀ ਲੜਾਈ ਵਿਚ ਸਪੱਸ਼ਟ ਤੌਰ ਤੇ ਫਰਕ ਸਮਝਣਾ ਚਾਹੀਦਾ ਹੈ । ਪਹਿਲੀ ਕਿਸਮ ਦੀ ਲੜਾਈ ਦੇਸ਼ ਭਰ ਵਿਚ ਜਮਹੂਰੀ ਅੰਸ਼ਾਂ ਨਾਲ ਰਲ ਕੇ ਲੜੀ ਜਾ ਸਕਦੀ ਹੈ । ਇਹ ਕੇਂਦਰ ਦੀ ਤਾਨਾਸ਼ਾਹੀ ਦੇ ਵਿਰੁਧ ਹੈ ਅਤੇ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਲੜਾਈ ਦਾ ਹੀ ਰੂਪ ਹੈ । ਇਹਦੇ ਵਿਚ ਸਾਧਾਰਨ ਬੰਦੇ ਦਾ ਪੱਖ ਲੈ ਕੇ ਇਕ ਸਰਗਰਮ ਧਿਰ ਵੀ ਬਣਿਆ ਜਾ ਸਕਦਾ ਹੈ ਪਰ ਦੂਜੀ ਲੜਾਈ ਵਿਚ ਦੋਨੋਂ ਧਿਰਾਂ ਦੀ ਸੌ ਫੀਸਦੀ ਨਿਖੇਧਤਾ ਹੀ ਸਾਡਾ ਫਰਜ਼ ਹੈ । ਦੋਨੋਂ ਧਿਰਾਂ ਸਾਧਾਰਨ ਬੰਦੇ ਦੀ ਤਬਾਹੀ ਦਾ ਕਾਰਨ ਬਣ ਰਹੀਆਂ ਹਨ, ਅਸੀਂ ਕਿਸੇ ਦਾ ਵੀ ਪੱਖ ਨਹੀਂ ਲੈ ਸਕਦੇ ।

**੦ ਸਾਥੀ ਪਾਲ ਸਿੰਘ ਦੀਆਂ ਲਿਖਤਾਂ ਬਾਰੇ ਇਕ ਸਪੱਸ਼ਟੀਕਰਨ ਅਤੇ ਉਹਨਾਂ ਦਾ ਸੰਖੇਪ ਜਵਾਬ :**

ਸਾਥੀ ਪਾਲ ਸਿੰਘ ਦੀਆਂ ਕੁਝ ਲਿਖਤਾਂ ਸਮਤਾ ਵਿਚ ਛਪੀਆਂ ਹਨ। ਇਸ ਅੰਕ ਵਿਚ ਵੀ ਉਹਨਾਂ ਦੀ ਇਕ ਲਿਖਤ ਦਿੱਤੀ ਜਾ ਰਹੀ ਹੈ। ਉਹਨਾਂ ਦੀ ਇਕ ਲਿਖਤ ਜਦੋਂ ਸਮਤਾ 80 (ਜਨਵਰੀ 1987) ਵਿਚ ਛਪੀ ਜਿਸਦਾ ਸਿਰਲੇਖ ਸੀ 'ਪੰਜਾਬ ਮਸਲੇ ਵਿਚ ਕਮਿਊਨਿਸਟਾਂ ਨੇ ਲੈਨਨਵਾਦ ਪਾੜ ਸੁੱਟੀ' ਤਾਂ ਬਹੁਤ ਸਾਰੇ ਪਾਠਕਾਂ ਨੇ ਲਿਖ ਕੇ ਭੇਜਿਆ ਕਿ ਸਾਥੀ ਪਾਲ ਸਿੰਘ ਦੇ ਲੇਖ ਛਾਪਣ ਲਈ ਹੋਰ ਬਹੁਤ ਸਾਰੇ ਰਸਾਲੇ ਹਨ ਜੋ ਸੰਤ ਭਿੰਡਰਾਂਵਾਲੇ ਦੀ ਫੋਟੋ ਟਾਈਟਲ ਤੇ ਛਾਪ ਕੇ ਹਜ਼ਾਰਾਂ ਦੀ ਗਿਣਤੀ ਵਿਚ ਵਿਕਦੇ ਹਨ ਅਤੇ ਜਿਨ੍ਹਾਂ ਵਿਚ ਉਹੋ ਮਸਲਾ ਹੁੰਦਾ ਹੈ ਜੋ ਪਾਲ ਸਿੰਘ ਹੋਰਾਂ ਨੇ ਲਿਖਿਆ ਹੈ, ਸਮਤਾ ਦੇ ਸੀਮਤ ਜਿਹੇ ਅਕਾਰ ਵਾਲੇ ਪਰਚੇ ਦੇ ਦੋ ਸਫੇ ਕਿਉਂ ਜ਼ਾਇਆ ਜਾਣ ਤੇ ਉਹ ਵੀ ਕਮਿਊਨਿਸਟਾਂ ਉਤੇ ਚਿੱਕੜ ਉਛਾਲਣ ਲਈ। ਮੈਂ ਇਹ ਸਪੱਸ਼ਟ ਕਰ ਦੇਵਾਂ ਕਿ ਪਾਲ ਸਿੰਘ ਹੋਰਾਂ ਦਾ ਸਮਤਾ ਨਾਲ ਸਬੰਧ 1981 ਤੋਂ ਹੈ, ਜਦੋਂ ਉਹਨਾਂ ਦੀਆਂ ਕੁਝ ਲਿਖਤਾਂ 'ਨਕਸਲਬਾੜੀ ਇਨਕਲਾਬ ਕਿਉਂ ਫੇਲ੍ਹ ਹੋਇਆ' ਬਾਰੇ ਆਈਆਂ ਸਨ। ਉਹਨਾਂ ਦਾ ਕਹਿਣਾ ਸੀ ਕਿ ਨਕਸਲਬਾੜੀ ਲਹਿਰ ਨੇ ਜਿਹੜਾ ਇਹ ਵਿਸ਼ਲੇਸ਼ਣ ਕੀਤਾ ਸੀ ਕਿ ਭਾਰਤ ਵਿਚ ਮੁੱਖ ਜ਼ਮੀਨੀ ਰਿਸ਼ਤੇ ਜਗੀਰਦਾਰੀ ਦੇ ਹਨ, ਗਲਤ ਸੀ। ਕਾਫੀ ਚੰਗੀ ਬਹਿਸ ਚੱਲੀ ਸੀ ਤੇ ਕੁਝ ਨੁੱਕਤੇ ਸਾਰਿਆਂ ਦੇ ਧਿਆਨ ਵਿਚ ਆਏ ਸਨ। ਇਸੇ ਤਰ੍ਹਾਂ ਉਹਨਾਂ ਦੀ ਇਕ ਧਾਰਨਾ ਸੀ ਕਿ ਭਾਰਤ ਦੇ ਵੱਖ ਵੱਖ ਭਾਗਾਂ ਵਿਚ ਆਰਥਿਕ ਵਿਕਾਸ ਇਕੋ ਜਿਹਾ ਨਹੀਂ ਤੇ ਕਮਿਊਨਿਸਟ ਪਾਰਟੀਆਂ ਸਾਰੇ ਭਾਰਤ ਵਾਸਤੇ ਇਕ ਲਾਈਨ ਨਹੀਂ ਅਪਨਾ ਸਕਦੀਆਂ। ਉਹਨਾਂ ਦੀ ਇਹ ਵੀ ਧਾਰਨਾ ਸੀ ਕਿ ਪੰਜਾਬ ਕਮਿਊਨਿਸਟ ਪਾਰਟੀ ਇਕ ਵੱਖਰੀ ਪਾਰਟੀ ਹੋਣੀ ਚਾਹੀਦੀ ਹੈ ਜਿਹੜੀ ਆਜ਼ਾਦਾਨਾ ਤੌਰ ਤੇ ਆਪਣੀ ਲਾਈਨ ਘੜ ਸਕੇ। ਸੋ ਪੰਜਾਬ ਦੇ ਮਸਲੇ ਬਾਰੇ ਜਦੋਂ ਪਾਲ ਸਿੰਘ ਹੋਰਾਂ ਨੇ ਕੁਝ ਲਿਖਣਾ ਚਾਹਿਆ ਤਾਂ ਸਮਤਾ ਵਲੋਂ ਉਹਨਾਂ ਨੂੰ ਨਾਂਹ ਨਹੀਂ ਕੀਤੀ ਗਈ। ਪਰ ਇਹਦਾ ਇਹ ਮਤਲਬ ਨਹੀਂ ਲੈਣਾ ਚਾਹੀਦਾ ਕਿ ਉਹਨਾਂ ਦੀਆਂ ਧਾਰਨਾਵਾਂ ਨਾਲ ਸਮਤਾ ਥੋੜਾ ਬਹੁਤ ਵੀ ਸਹਿਮਤ ਹੈ। ਮੰਤਵ ਸੀ ਸਮਤਾ ਦੇ ਪਾਠਕਾਂ ਅੱਗੇ ਉਹਨਾਂ ਦਾ ਵੀ ਪੱਖ ਆ ਜਾਏ। ਇਸ ਅੰਕ ਵਿਚ ਉਹਨਾਂ ਦੀ ਜੋ ਲਿਖਤ ਛਪੀ ਹੈ, ਉਸਦੇ ਨਾਲ ਉਹਨਾਂ ਦੀ ਸਾਰੀ ਦਲੀਲ ਸਾਹਮਣੇ ਆ ਗਈ ਹੈ ਤੇ ਸੰਖੇਪ ਵਿਚ ਜਵਾਬ ਦੇ ਕੇ ਮੈਂ ਇਸ ਬਹਿਸ ਨੂੰ ਹੋਰ ਅੱਗੇ ਤੋਰਨਾ ਠੀਕ ਨਹੀਂ ਸਮਝਾਂਗਾ।

ਪਹਿਲੀ ਗੱਲ ਜਿਹੜੀ ਪਾਲ ਸਿੰਘ ਹੋਰਾਂ ਦੀਆਂ ਪੰਜਾਬ ਬਾਰੇ ਸਾਰੀਆਂ ਲਿਖਤਾਂ ਵਿਚ ਦੇਖੀ ਗਈ ਹੈ, ਉਹ ਇਹ ਹੈ ਕਿ ਉਹਨਾਂ ਨੇ ਕਥਿਤ ਸਿੱਖ ਖਾੜਕੂਆਂ ਦੀ ਹਰ ਵਧੀਕੀ ਬਾਰੇ ਬਿਲਕੁਲ ਅੱਖਾਂ ਬੰਦ ਕਰ ਰੱਖੀਆਂ ਹਨ। ਉਹਨਾਂ ਵਾਸਤੇ ਪੰਜਾਬ ਦੇ ਸਿਆਸੀ ਪਿੜ ਵਿਚ ਬਸਾਂ ਵਿਚ ਨਿਰਦੋਸ਼ ਬੰਦਿਆਂ ਦਾ ਮਾਰਿਆ ਜਾਣਾ, ਸਕੂਲ-ਪੜ੍ਹਾਉਂਦੇ ਮਾਸਟਰਾਂ ਦਾ ਮਾਰਿਆ ਜਾਣਾ, ਪਹਿਲੇ ਨਿਰੰਕਾਰੀ ਤੇ ਬਾਅਦ ਵਿਚ ਸਾਧਾਰਨ ਹਿੰਦੂਆਂ ਦਾ ਮਾਰਿਆ ਜਾਣਾ ਸਭ ਮਮੂਲੀ ਘਟਨਾਵਾਂ ਹਨ। 1978 ਤੋਂ ਜਦੋਂ ਦਾ ਪੰਜਾਬ ਵਿਚ ਇਹ ਦੌਰ ਚਲਿਆ ਹੈ, ਉਸ ਵੇਲੇ ਨਾ ਤਾਂ ਪੰਜਾਬ ਦੀਆਂ ਮੰਗਾਂ ਬਾਰੇ ਕੋਈ ਗੱਲ ਸੀ ਤੇ ਨਾ ਹੀ ਅਨੰਦਪੁਰ ਮਤੇ ਦੀ ਕੋਈ ਗੱਲ ਸੀ, ਨਾ ਹੀ ਕੋਈ ਵੱਧ ਅਧਿਕਾਰਾਂ ਦੀ ਗੱਲ ਸੀ। ਉਸ ਵੇਲੇ ਧਾਰਮਕ ਮੂਲਵਾਦੀ ਕਿਸਮ ਦੀਆਂ ਹੀ ਮੰਗਾਂ ਸਨ। ਅੰਮ੍ਰਿਤਸਰ ਵਿਚ ਸਿਗਰਟ ਬੀੜੀ ਬੰਦ ਕੀਤੀ ਜਾਏ, ਨਿਰੰਕਾਰੀ ਅਪਣਾ ਸਮਾਗਮ ਨਾ ਕਰਨ ਆਦਿਕ। ਉਥੋਂ ਜ਼ੋਰ ਪਕੜਦੀ ਹੋਈ ਇਹ ਲਹਿਰ ਜੂਨ 1984 ਤਕ ਇਕ ਐਸੀ ਲਹਿਰ ਬਣ ਚੁੱਕੀ ਸੀ, ਜੋ ਹਿੰਦੂਆਂ ਦੇ ਕਤਲਾਂ ਨੂੰ ਕ੍ਰਿਕਟ ਦੇ ਸਕੋਰ ਵਾਕੁਨ ਗਿਣਦੀ ਸੀ, ਇਕ ਇਕ ਸਿਖ ਦੇ ਹਿੱਸੇ 35 ਹਿੰਦੂ ਆਂਦੇ ਹਨ ਇਹ ਤਕਰੀਰ ਮੈਂ ਮੰਜੀ ਸਾਹਿਬ ਦੇ ਦੀਵਾਨ ਵਿਚ ਅਪਣੇ ਕੰਨਾਂ ਨਾਲ ਸੁਣੀ ਹੈ) ਸਿਆਸੀ ਵਿਰੋਧੀਆਂ ਨੂੰ ਹਰ ਕਿਸਮ ਦੀ ਧਮਕੀ ਦੇਂਦੀ ਸੀ। ਹੁਣ ਵੀ ਇਹ ਲਹਿਰ ਦਾ ਇਹੋ ਹੀ ਚਰਿਤ੍ਰ ਹੈ। ਪਾਲ ਸਿੰਘ ਹੋਰਾਂ ਦੀ ਸ਼ਕਾਇਤ ਹੈ ਕਿ ਕਮਿਊਨਿਸਟ ਇਸ ਲਹਿਰ ਨੂੰ ਧਾਰਮਕ ਜਨੂੰਨ ਜਾਂ ਧਾਰਮਕ ਦਹਿਸ਼ਤਗਰਦੀ ਦਾ ਕਿਉਂ ਨਾਂ ਦੇਂਦੇ ਹਨ ? ਉਹੀ ਦਸਣ ਕਿ ਇਸ ਲਹਿਰ ਦਾ ਕੀ ਨਾਂ ਦਿਤਾ ਜਾ ਸਕਦਾ ਹੈ ? ਪਾਲ ਸਿੰਘ ਹੋਰਾਂ ਨੇ ਇਸ ਬਾਰੇ ਜੋ ਅਪਣੀਆਂ ਅੱਖਾਂ ਬੰਦ ਕਰ ਰਖੀਆਂ ਹਨ ਤਾਂ ਉਹ ਦੂਜਿਆਂ ਨੂੰ ਕਿਉਂ ਮਿਹਣੇ ਦੇਂਦੇ ਹਨ ? ਸੈਂਟਰ ਨਾਲ ਜੇ ਕੋਈ ਲੜਾਈ ਹੈ ਤਾਂ ਇਹਦਾ ਇਹ ਮਤਲਬ ਨਹੀਂ ਕਿ ਤੁਸੀਂ ਸਾਧਾਰਨ ਹਿੰਦੂਆਂ ਨੂੰ ਦਹਿਸ਼ਤਗਰਦੀ ਨਾਲ ਡਰਾਓ ਜਾਂ ਔਰਤਾਂ ਬੱਚਿਆਂ ਦਾ, ਸਿਆਸੀ ਵਿਰੋਧੀਆਂ ਦਾ ਕਤਲ ਕਰੋ। ਇਸ ਲਹਿਰ ਦੀ ਸੌ ਫੀ ਸਦੀ ਵਿਰੋਧਤਾ ਹਰ ਇਕ ਕਮਿਊਨਿਸਟ ਦਾ ਫਰਜ਼ ਹੈ। ਪਾਲ ਸਿੰਘ ਜੀ ਜੇਕਰ ਇਹਨਾਂ ਕਾਰਵਾਈਆਂ ਨੂੰ ਸੂਰਮਗਤੀ ਦੀਆਂ ਕਾਰਵਾਈਆਂ ਕਹਿੰਦੇ ਹਨ ਤੇ ਇਹਨਾਂ ਦਾ ਮੁਕਾਬਲਾ ਉਹਨਾਂ ਸਿੰਘਾਂ ਨਾਲ ਕਰਦੇ ਹਨ, ਜਿਨ੍ਹਾਂ ਦੇ ਸਿਰਾਂ ਦਾ ਮੁੱਲ ਮੁਗਲਾਂ ਵੇਲੇ ਪਿਆ ਸੀ ਤਾਂ ਉਹਨਾਂ ਦੀ ਸੋਚ ਉਹਨਾਂ ਨੂੰ ਮੁਬਾਰਕ ਹੋਵੇ।

ਦੂਜੀ ਗੱਲ ਜਿਹੜੀ ਪਾਲ ਸਿੰਘ ਹੋਰੀਂ ਬਾਰ ਬਾਰ ਕਹਿੰਦੇ ਹਨ ਕਿ ਪੰਜਾਬ ਦੇ ਸਿਖ ਮੇਹਨਤਕਸ਼ ਤੱਬਕੇ ਵਿਚੋਂ ਹਨ, ਜਦੋਂ ਕਿ ਹਿੰਦੂ ਸਾਰੇ ਲੁੱਟ ਕਰਨ ਵਾਲੇ ਹਨ ਭਾਵੇਂ ਉਹ ਰੇਹੜੀ ਜਾਂ ਛਾਬੜੀ ਹੀ ਕਿਉਂ ਨਾ ਲਗਾਂਦੇ ਹੋਣ। ਉਹ ਭੁਲ ਜਾਂਦੇ ਹਨ ਕਿ ਪੰਜਾਬ ਦੇ ਭਾਈਚਾਰੇ ਵਿਚ ਜਾਂ ਹਰ ਇਕ ਭਾਈਚਾਰੇ ਵਿਚ ਖੇਤੀ ਕਰਨ ਵਾਲੇ ਵੀ ਹੁੰਦੇ ਹਨ ਤੇ ਵਪਾਰ ਕਰਨ ਵਾਲੇ ਵੀ ਹੁੰਦੇ ਹਨ। ਖੇਤੀ ਕਰਨ ਵਾਲਿਆਂ ਕੋਲ ਜ਼ਮੀਨ ਰੁਜ਼ਗਾਰ ਦਾ ਸਾਧਨ ਹੁੰਦਾ ਹੈ ਜਦੋਂ ਵਪਾਰ ਕਰਨ ਵਾਲਿਆਂ ਕੋਲ ਰਾਸਪੂੰਜੀ ਰੁਜ਼ਗਾਰ ਦਾ ਸਾਧਨ ਹੁੰਦਾ ਹੈ। ਇਕ ਹਿੰਦੂ ਰੇਹੜੀ ਲਗਾਉਣ ਵਾਲਾ ਜੇਕਰ 100 ਰੁਪਏ ਦੀ ਰਾਸ ਲਗਾਕੇ ਸਾਰਾ ਦਿਨ ਰੇਹੜੀ ਚਲਾਕੇ ਜੇਤਰ ਸ਼ਾਮ 120 ਰੁਪਏ ਬਣਾ ਲੈਂਦਾ ਹੈ, ਉਹ ਤਾਂ ਪਾਲ ਸਿੰਘ ਹੋਰਾਂ ਦੀ ਨਜ਼ਰਾਂ ਵਿਚ ਲੁੱਟ ਕਰਨ ਵਾਲਾ ਹੈ ਪਰ ਜ਼ਮੀਨਾਂ ਦੇ ਮਾਲਕ ਸਰਦਾਰ ਆਪ ਕੋਈ ਹੱਥ ਹਿਲਾਏ ਬਗੈਰ ਜੇਕਰ ਹਜ਼ਾਰਾਂ ਲੱਖਾਂ ਪੈਦਾ ਕਰ ਲੈਂਦੇ ਹਨ, ਉਹ ਪਾਲ ਸਿੰਘ ਹੋਰਾਂ ਦੀ ਨਜ਼ਰਾਂ ਵਿਚ ਸਭ ਮੇਹਨਤਕਸ਼ ਹਨ। ਪਿਛਲੇ ਤੀਹਾਂ ਸਾਲਾਂ ਵਿਚ ਜੇਕਰ ਚੰਡੀਗੜ੍ਹ ਹਿੰਦੂ ਅਮੀਰਾਂ ਨੇ ਕੋਠੀਆਂ ਤੇ ਜ਼ਾਇਦਾਦਾਂ ਖਣਾ ਲਈਆਂ ਹਨ ਤਾਂ ਉਥੇ ਵਡੇ ਸਰਦਾਰਾਂ ਦੀਆਂ ਕੋਠੀਆਂ ਵੀ ਕੋਈ ਘਟ ਨਹੀਂ। ਸਿੱਖ ਕਿਸਾਨਾਂ ਦੀ ਹਾਲਤ ਜੇਕਰ ਬਾਕੀ ਭਾਰਤ ਦੇ ਕਿਸਾਨਾਂ ਨਾਲੋਂ ਚੰਗੀ ਨਹੀਂ ਤਾਂ ਕਿਸੇ ਗਲੋਂ ਮਾੜੀ ਵੀ ਨਹੀਂ। ਇਸੇ ਤਰ੍ਹਾਂ ਸਿਖ ਕਾਰਖਾਨੇਦਾਰਾਂ ਤੇ ਵਡੇ ਵਪਾਰੀਆਂ ਦੀ ਵੀ ਕੋਈ ਕਮੀ ਨਹੀਂ ਜਿਹਨਾਂ ਦਾ ਹਰ ਚਰਿਤ੍ਰ ਹਿੰਦੂ ਕਾਰਖਾਨੇਦਾਰਾਂ ਅਤੇ ਵਪਾਰੀਆਂ ਨਾਲ ਸੌ ਫੀ ਸਦੀ ਮਿਲਦਾ ਜੁਲਦਾ ਹੈ। ਸੋ ਇਹ ਦਲੀਲ ਕਿਸੇ ਧਾਰਮਕ ਸ਼ਾਵਨਵਾਦੀ ਦੇ ਮੂੰਹੋਂ ਤਾਂ ਫੱਬਦਾ ਹੋਵੇਗੀ ਪਰ ਉਹ ਵਿਯਕਤੀ ਜੋ ਦੂਜਿਆਂ ਨੂੰ ਲੈਨਨ ਦੇ ਨਾਂ ਤੇ ਮਿਹਣੇ ਦੇਂਦਾ ਹੈ, ਬਿਲਕੁਲ ਹੀ ਨਹੀਂ ਫੱਬਦੀ। ਉਹਨਾਂ ਨੇ ਸਭ ਕੁਝ ਜਾਣਦਿਆਂ ਹੋਇਆਂ ਅਣਜਾਣ ਬਣਕੇ ਖੇਤੀ ਅਤੇ ਵਪਾਰੀ ਤਬਕੇ ਦੀ ਦਲੀਲ ਨੂੰ ਸਿਖ ਅਤੇ ਹਿੰਦੂ ਤਬਕਿਆਂ ਨਾਲ ਲਿਆ ਜੋੜਿਆ ਹੈ।

ਪਾਲ ਸਿੰਘ ਅਜ ਦੀ ਸਟੇਟ ਨੂੰ ਜਾਣ ਬੁਝਕੇ ਪੰਦਰਵੀਂ ਸੋਲ੍ਹਵੀਂ ਸਦੀ ਦੀ ਮੁਗਲ ਸਟੇਟ ਦੇ ਬਰਾਬਰ ਖੜੇ ਕਰ ਰਹੇ ਹਨ। ਉਹ ਸਟੇਟ ਇਕ ਬਾਦਸ਼ਾਹੀ ਦੀ ਸਟੇਟ ਸੀ। ਬਾਦਸ਼ਾਹ ਮਜ਼ਹਬ ਦੇ ਨਾਂ ਤੇ ਹੀ ਨੀਤੀਆਂ ਘੜਦਾ ਸੀ ਤੇ ਫੌਜਾਂ ਮਜ਼ਹਬ ਦੇ ਨਾਂ ਤੇ ਹੀ ਕੰਮ ਕਰਦੀਆਂ ਸਨ। ਅਜ ਦੀ ਸਟੇਟ ਇਕ ਬੁਰਜੂਆ ਸਟੇਟ ਹੈ। ਭਾਰਤ ਦੀ ਸਟੇਟ ਦਾ ਮੁੱਖੀ ਉਸ ਵੇਲੇ ਇਕ ਧਾਰਮਕ ਅਕੀਦੇ ਵਾਲਾ ਸਿਖ ਸੀ ਜਦੋਂ ਕਿ ਦਰਬਾਰ ਸਾਹਿਬ ਤੇ ਭਾਰਤੀ ਫੌਜਾਂ ਨੇ ਚੜ੍ਹਾਈ ਕੀਤੀ। ਇਸ ਇਤਹਾਸ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਭਾਵੇਂ ਉਹ ਸਿੱਖ ਚੱਮਚਾ ਸਿੱਖ ਹੀ ਹੋਵੇ ਪਰ ਉਹ 'ਸਿਖ' ਸੀ ਤੇ ਪਾਲ ਸਿੰਘ ਹੋਰਾਂ ਦੀ ਦਲੀਲਾਂ ਨਾਲ ਸਥਾਪਤ ਕੀਤੀ 'ਇਕ ਵੱਖਰੀ ਕੌਮ' ਦਾ ਮੈਂਬਰ ਸੀ। ਪਾਲ ਸਿੰਘ ਹੋਰਾਂ ਨੂੰ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਜਿਸ ਸਟੇਟ ਵਿਚ ਅਤਵਾਦੀ ਸਿਖਾਂ ਦੇ ਧਿਰਾਂ ਦਾ ਮੁੱਲ ਇਕ ਲੱਖ ਰੁਪਿਆ ਪਿਆ ਹੈ, ਉਹਦਾ ਮੁੱਖੀ ਵੀ ਇਕ ਪਾਠ ਕਰਦਾ ਸਿੱਖ ਸਰਦਾਰ ਹੈ, ਕੋਈ ਮੁਸਲਮਾਨ ਫੌਜਦਾਰ ਨਹੀਂ। ਸੋ ਅੱਜ ਦੀ ਸਟੇਟ ਦੇ ਜ਼ੁਲਮ ਨੂੰ ਮੁਗਲਾਂ ਦੀ ਸਟੇਟ ਦੇ ਜ਼ੁਲਮ ਦੇ ਬਰਾਬਰ ਖੜਾ ਕਰਨਾ ਅਤੇ ਅੱਜ ਦੇ ਅਤ-ਵਾਦੀ ਸਿਖਾਂ ਨੂੰ ਉਸ ਵੇਲੇ ਦੇ ਸਿੰਘਾਂ ਦੇ ਬਰਾਬਰ ਖੜਾ ਕਰਨਾ ਜਾਂ ਅਜ ਦੀ ਲੜਾਈ ਨੂੰ ਉਸ ਵੇਲੇ ਦੀ ਲੜਾਈ ਦੇ ਬਰਾਬਰ ਖੜਾ ਕਰਨਾ ਜੋ ਗੁਰੂ ਗੋਬਿੰਦ ਸਿੰਘ ਜਾਂ ਉਹਨਾਂ ਦੇ ਸਿੰਘਾਂ ਨੇ ਉਸ ਵੇਲੇ ਦੇ ਮੁਗਲ ਬਾਦਸ਼ਾਹ ਜਾਂ ਫੌਜਦਾਰਾਂ ਵਿਰੁਧ ਲੜੀ ਸੀ, ਇਤਿਹਾਸ ਨੂੰ ਪੁੱਠਾ ਕਰਕੇ ਵੇਖਣ ਦੀ ਕੋਸ਼ਿਸ਼ ਤੋਂ ਸਿਵਾ ਕੁਝ ਨਹੀਂ ਤੇ ਇਸ ਅਧਾਰ ਉਤੇ ਖੜੀ ਕੀਤੀ ਦਲੀਲ ਵਿਚ ਕਦੀ ਕੋਈ ਸਾਰਥਕਤਾ ਨਹੀਂ ਹੋ ਸਕਦੀ।

ਪੰਜਾਬ ਵਿਚ ਰਹਿੰਦੇ ਸਿਖ ਜੇਕਰ ਇਕ ਕੌਮ ਹਨ, ਤਾਂ ਫੇਰ ਅਪਣੇ ਆਪ ਹਿੰਦੂ ਵੀ ਦੂਜੀ ਕੌਮ ਹੋਏ। ਜੇ ਸਿਖ ਕੌਮ ਦੇ ਕਈ ਹੱਕ ਹਨ ਤਾਂ ਫੇਰ ਹਿੰਦੂ ਕੌਮ ਦੇ ਵੀ ਪੰਜਾਬ ਤੇ ਬਰਾਬਰ ਦੇ ਹੱਕ ਹਨ। ਸਿਖਾਂ ਦਾ ਪੰਜਾਬ ਵਿਚ ਇਤਹਾਸ 500 ਸਾਲਾਂ ਦਾ ਹੈ ਤਾਂ ਹਿੰਦੂਆਂ ਦਾ ਤਾਂ ਹਜ਼ਾਰਾਂ ਸਾਲਾਂ ਦਾ ਹੈ। ਇਹ ਤਾਂ ਹੋ ਨਹੀਂ ਸਕਦਾ ਕਿ ਧਰਤੀ ਦੇ ਇਕ ਕਿਸਮ ਦੇ ਵਸਨੀਕਾਂ ਨੂੰ ਵਿਸ਼ੇਸ਼ ਹੱਕ ਮਿਲ ਜਾਣ ਤੇ ਦੂਜੀ ਕਿਸਮ ਦੇ ਵਸਨੀਕਾਂ ਤੋਂ ਉਹ ਹੱਕ ਖੋਹੇ ਜਾਣ। ਅੱਜ ਦੇ ਹਿੰਦੂਆਂ ਦਾ ਕੀ ਕਸੂਰ ਹੈ ਜੇਕਰ ਉਹ ਪੰਜਾਬ ਵਿਚ ਪੈਦਾ ਹੋਏ ਹਨ? ਪਾਲ ਸਿੰਘ ਹੋਰਾਂ ਦੀ ਸ਼ਕਾਇਤ ਹੈ ਕਿ ਹਿੰਦੂਆਂ ਨੇ ਪੰਜਾਬ ਦੇ ਲਈ ਕਦੀ ਕੋਈ ਸੰਘਰਸ਼ ਨਹੀਂ ਲੜਿਆ। ਉਥੇ ਇਹ ਨਹੀਂ ਭੁਲਣਾ ਚਾਹੀਦਾ ਕਿ ਇਤਿਹਾਸ ਵਿਚ ਜੇਕਰ ਸਿਖਾਂ ਨੇ ਪਹਿਲੇ ਜੋ ਸੰਘਰਸ਼ ਲੜੇ ਉਹ ਧਰਮ ਦੇ ਨਾਂ ਤੇ ਸਨ ਤੇ ਧਰਮ ਦੀ ਖਾਤਿਰ ਹੀ ਉਹਨਾਂ ਨੇ ਬੰਦ ਬੰਦ ਕਟਵਾਏ ਸਨ। ਹਿੰਦੂਆਂ ਨੂੰ ਨਾ ਇਸ ਸੰਘਰਸ਼ ਦੀ ਲੋੜ ਪਈ ਤੇ ਨਾ ਹੀ ਉਹ ਲੜੇ। ਸਿਖ ਲੜੇ ਤਾਂ ਉਹਨਾਂ ਨੇ ਪੰਜਾਬ ਵਿਚ ਅਪਣਾ ਰਾਜ ਵੀ ਬਣਾਇਆ। ਇਹ ਵੱਖਰੀ ਗੱਲ ਹੈ ਕਿ ਉਹ ਰਾਜ ਮਹਾਰਾਜਾ ਰਣਜੀਤ ਸਿੰਘ ਦੇ ਮਰਨ ਬਾਅਦ ਖਤਮ ਹੋ ਗਿਆ। ਅਜ ਦੇ ਪੰਜਾਬ ਦੇ ਹਿੰਦੂ ਨੂੰ ਇਹ ਸਾਰਾ ਇਤਿਹਾਸਕ ਪਿਛੋਕੜ ਦਸਕੇ ਕਿਸੇ ਅਹਿਸਾਨ ਥੱਲੇ ਨੀਂਵਾਂ ਦਿਖਾਉਣਾ ਇਕ ਨਾਜਾ-ਇਜ਼ ਜਹੀ ਫੂਕ ਤੋਂ ਸਿਵਾ ਕੁਝ ਨਹੀਂ। ਅੱਜ ਦਾ ਸਿਖ

ਉਨਾਂ ਹੀ ਇਮਾਨਦਾਰ ਜਾਂ ਬੇਈਮਾਨ ਹੈ ਜਿੰਨਾਂ ਕੋਈ ਅਜ ਦਾ ਹਿੰਦੂ । ਉਹ ਉਨਾਂ ਹੀ ਖੁਦਗਰਜ਼ ਹੈ ਜਿੰਨਾਂ ਕੋਈ ਹਿੰਦੂ । (ਸਿੰਘ ਸਾਹਿਬਾਨ ਦੇ ਏਲਾਨ ਦੇ ਬਾਅਦ ਅਕਾਲੀ ਵਜ਼ੀਰਾਂ ਨੇ ਜਿਹੜੀ ਖੁਦਗਰਜ਼ੀ ਵਿਖਾਈ ਹੈ, ਉਹ ਸਭ ਦੇ ਸਾਹਮਣੇ ਹੈ) । ਸੋ ਇਕੋ ਹੀ ਭਾਈਚਾਰੇ ਦੇ ਦੋ ਅੰਗਾਂ ਨੂੰ ਦਲੀਲ ਦੀ ਖਿਚ ਧੂਹ ਕਰਕੇ ਦੋ ਕੌਮਾਂ ਬਣਾ ਦੇਣਾ, ਕੋਈ ਸਹੀ ਗੱਲ ਨਹੀਂ । ਸਿਖ ਹੋਲਾ ਮਨਾਉਂਦੇ ਹਨ ਜਦੋਂ ਹਿੰਦੂ ਹੋਲੀ ਮਨਾਉਂਦੇ ਹਨ ਪਰ ਜੇ ਆਖਿਆ ਜਾਏ ਕਿ ਸਿਖ ਵੀ ਦੀਵਾਲੀ, ਵਿਸਾਖੀ ਮਨਾਉਂਦੇ ਹਨ, ਹਿੰਦੂ ਵੀ ਮਨਾਉਂਦੇ ਹਨ । ਹੋਲੀ ਵਾਲੇ ਦਿਨ ਸ਼ਹਿਰੀ ਸਿਖਾਂ ਦੇ ਮੂੰਹ ਤੇ ਕਪੜੇ ਰੰਗੇ ਹੋਏ ਸ਼ਾਇਦ ਪਾਲ ਸਿੰਘ ਹੋਰਾਂ ਦੀ ਨਜ਼ਰ ਥੱਲਿਓਂ ਨਹੀਂ ਲੰਘੇ । ਇੰਝ ਜੇਕਰ ਵਖਰੇਵੇਂ ਵੇਖਣ ਲਗੀਏ ਤਾਂ ਮਾਲਵੇ ਤੇ ਮਾਝੇ ਦੇ ਸਿਖਾਂ ਵਿਚ ਹੀ ਸੌ ਵਖਰੇਵੇਂ ਲਭਣਗੇ । ਇੰਜ ਕੌਮਾਂ ਦੇ ਵਖਰੇਵੇਂ ਨਹੀਂ ਹੁੰਦੇ ।

ਬਹੁਤ ਕੁਝ ਇਸ ਬਾਰੇ ਹੋਰ ਵੀ ਲਿਖਿਆ ਜਾ ਸਕਦਾ ਹੈ, ਪਰ ਮੈਂ ਸਮਝਦਾ ਹਾਂ ਕਿ ਸਾਡੀਆਂ ਦਲੀਲਾਂ ਨਾਲ ਕੋਈ ਗੱਲ ਬੰਨੇ ਨਹੀਂ ਲਗ ਸਕਦੀ । ਸਮਤਾ ਦਾ ਪੱਖ ਬਿਲਕੁਲ ਸਾਫ ਹੈ । ਉਹ ਭਾਰਤ ਦੀ ਸਟੇਟ ਦੇ ਬੁਨਿਯਾਦੀ ਚਰਿਤ੍ਰ ਨੂੰ, ਜਿਸ ਵਿਚ ਸਾਧਾਰਨ ਬੰਦਾ ਬਹੁਤ ਦੁਖੀ ਹੈ, ਬਦਲਾਉਣ ਦੇ ਹੱਕ ਵਿਚ ਹੈ । ਇਸ ਵਿਚ ਹਿੰਦੂ ਸ਼ਾਵਨਵਾਦ ਵੀ ਹੈ ਪਰ ਹਾਵੀ ਗੱਲ ਇਹਦਾ ਲੁੱਟ ਖਸੁੱਟ ਦਾ ਖਾਸਾ ਹੈ । ਇਸ ਸਟੇਟ ਦਾ ਚਰਿਤ੍ਰ ਇਕ ਲੋਕ ਪੱਖੀ ਇਨਕਲਾਬ ਦੇ ਨਾਂ ਤੇ ਹੀ ਬਦਲਿਆ ਜਾ ਸਕਦਾ ਹੈ । ਕਿਸੇ ਵੱਖਵਾਦੀ ਤਹਿਰੀਕ ਨਾਲ ਇਹ ਬਦਲਿਆ ਨਹੀਂ ਜਾ ਸਕਦਾ । ਕੋਈ ਵੀ ਵੱਖਵਾਦੀ ਤਹਿਰੀਕ ਜਿਸ ਵਿਚ ਧਾਰਮਕ ਦਹਿਸ਼ਤਵਾਦ ਇਕ ਜ਼ਰੂਰੀ ਅੰਸ਼ ਬਣ ਚੁਕਿਆ ਹੋਵੇ ਇਹ ਲੋਕ ਵਿਰੋਧੀ ਹੋਵੇਗੀ । ਇਹਦੇ ਪੱਖ ਵਿਚ ਕੋਈ ਦਲੀਲਬਾਜ਼ੀ ਕਰਨੀ ਸਾਧਾਰਨ ਲੋਕਾਂ ਨਾਲ ਧਰੋਹ ਹੋਵੇਗਾ । ਇਹ ਪੱਖ ਦਸ ਕੇ ਇਸ ਬਹਿਸ ਨੂੰ ਹੁਣ ਅਗੇ ਤੋਰਨਾ ਸਾਡੇ ਲਈ ਮੁਮਕਿਨ ਨਹੀਂ ਹੋਵੇਗਾ ।

### o ਲੋਕ-ਪੱਖੀ ਨਾਟਕ ਮੰਡਲੀਆਂ ਅਤੇ ਸੰਗੀਤ ਮੰਡਲੀਆਂ ਦਾ ਸਰਕਾਰੀ ਅਦਾਰਿਆਂ ਵਲੋਂ ਕਰਵਾਏ ਜਾ ਰਹੇ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਦੇ ਬਾਰੇ

ਪਿਛਲੇ ਦਿਨਾਂ ਵਿਚ ਅਮ੍ਰਿਤਸਰ ਨਾਟਕ-ਕਲਾ ਕੇਂਦਰ ਵਲੋਂ ਉਤਰੀ ਭਾਰਤ ਸਭਿਆਚਾਰਕ ਕੇਂਦਰ ਦੇ ਸੱਦੇ ਤੇ ਹਰਿਆਣਾ ਵਿਚ, ਕਿਲ੍ਹਾ ਰਾਏਪੁਰ ਦੀਆਂ ਖੇਡਾਂ ਵਾਲੇ ਸਮਾਗਮ ਵਿਚ ਅਤੇ ਚੰਡੀਗੜ੍ਹ ਫੈਸਟੀਵਲ ਵਿਚ ਨਾਟਕ ਕੀਤੇ ਗਏ ਹਨ । ਇਹਦੇ ਬਾਰੇ ਕੁਝ ਚਰਚਾ ਛਿੜੀ ਹੈ ਅਤੇ ਇਕ ਸਵਾਲ ਵੀ ਸਾਡੇ ਸਾਹਮਣੇ ਆਇਆ ਹੈ ਕਿ ਕੀ ਲੋਕ-ਪੱਖੀ ਨਾਟਕ ਮੰਡਲੀਆਂ ਨੂੰ ਉਹਨਾਂ ਨਾਟਕ ਮੇਲਿਆਂ ਵਿਚ ਭਾਗ ਲੈਣਾ ਚਾਹੀਦਾ ਹੈ ਜੋ ਕਿ ਸਰਕਾਰੀ ਅਦਾਰਿਆਂ ਵਲੋਂ ਕਰਵਾਏ ਜਾਂਦੇ ਹਨ ? ਇਸ ਚਰਚਾ ਵਿਚ ਧਾਰਮਿਕ ਅਦਾਰੇ ਵੀ ਆਂਦੇ ਹਨ । ਇਸ ਵਿਸ਼ੇ ਤੇ ਦੋ ਚਿੱਠੀਆਂ ਮੈਨੂੰ ਸਿੱਧੀਆਂ ਵੀ ਆਈਆਂ ਹਨ, ਇਕ ਫਰੀਦਕੋਟ ਤੋਂ ਸੁਰਿੰਦਰ ਮਚਾਕੀ ਹੋਰਾਂ ਦੀ ਅਤੇ ਇਕ ਹਰਜੀਤ ਸਿੰਘ ਹੋਰਾਂ ਦੀ ਕਿਲ੍ਹਾ ਰਾਏਪੁਰ ਤੋਂ । ਫਰੀਦਕੋਟ ਤੋਂ ਸੁਰਿੰਦਰ ਮਚਾਕੀ ਤੇ ਸਾਥੀ ਲਿਖਦੇ ਹਨ : ਸਮਤਾ ਵਿਚ ਤੇ ਹੋਰ ਜਨਤਕ ਪ੍ਰੋਗਰਾਮਾਂ ਵਿਚ ਐਡੀਟਰ ਸਮਤਾ ਦਾ ਇਹ ਸਟੈਂਡ ਕਿ 'ਮਜ਼੍ਹਬ ਹੀ ਸਿਖਾਤਾ ਹੈ ਹਰ ਕਿਸੀ ਸੇ ਵੈਰ ਕਰਨਾ' ਤੇ ਨਾਲ ਹੀ ਪੰਜਾਬ ਸਮੱਸਿਆ ਦੇ ਹੋਰ ਕਾਰਨਾਂ ਨਾਲ ਨਾਲ ਪੰਜਾਬ 'ਚ ਉਠੀ ਧਰਮ ਮੁੜ ਸੁਰਜੀਤੀ ਲਹਿਰ/ਧਾਰਮਕ ਮੂਲਵਾਦ ਸਮਝਣਾ ਤੇ ਇਸ ਪੈਂਤੜੇ ਤੋਂ ਭਰਾਮਾਰੂ ਤਾਕਤਾਂ ਵਿਰੁੱਧ ਲੜਾਈ ਦੇਣਾ ਦਰੁਸਤ ਹੈ । ਪਰ ਧਾਰਮਕ ਸਥਾਨਾਂ ਵਿਚ ਐਡੀਟਰ ਸਮਤਾ ਜਾਂ ਇਸਦੇ ਨਾਟਕ ਕੇਂਦਰ ਵਲੋਂ ਪ੍ਰੋਗਰਾਮ ਕਰਨਾ ਕਿਥੋਂ ਤੱਕ ਦਰੁਸਤ ਹੈ । ਖਾਸ ਕਰਕੇ ਅਜੋਕੀ ਸਥਿਤੀ ਵਿਚ, ਪ੍ਰਸ਼ਨ ਸਪੱਸ਼ਟਤਾ ਮੰਗਦਾ ਹੈ/ਸੁਰਿੰਦਰ ਮਚਾਕੀ ਤੇ ਸਾਥੀ । ਦੂਜੀ ਚਿੱਠੀ ਜੋ ਕਿਲ੍ਹਾ ਰਾਏਪੁਰ ਤੋਂ ਆਈ ਹੈ । ਉਹਦਾ ਮਜ਼ਮੂਨ ਇਸ ਤਰ੍ਹਾਂ ਹੈ : ਮੈਂ ਆਪ ਜੀ ਦਾ ਧਿਆਨ ਅਮ੍ਰਿਤਸਰ ਨਾਟਕ-ਕਲਾ ਕੇਂਦਰ ਵਲੋਂ ਨਾਰਥ ਜ਼ੋਨ ਕਲਚਰਲ ਸੈਂਟਰ ਦੇ ਸੱਦੇ ਉਤੇ 31-1-87 ਨੂੰ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਉਤੇ ਖੇਡੇ ਗਏ ਨਾਟਕ 'ਵੰਗਾਰ' ਵੱਲ ਦਿਵਾਉਣਾ ਚਾਹੁੰਦਾ ਹਾਂ । ਅਸੀਂ ਤੁਹਾਡੀ ਇਸ ਗੱਲੋਂ ਬਹੁਤ ਕਦਰ ਕਰਦੇ ਹਾਂ ਕਿ ਸਟੇਜ ਭਾਵੇਂ ਕੋਈ ਹੋਵੇ ਅਤੇ ਨਾਟਕ ਕਰਵਾਉਣ ਵਾਲੀ ਸੰਸਥਾ ਬੇਸ਼ੱਕ ਕਿਹੋ ਜਿਹੀ ਹੋਵੇ, ਪਰ ਤੁਸੀਂ ਆਪਣਾ ਸੁਨਿਹਾ, ਆਪਣੀ ਸਿਆਸਤ ਵੱਧ ਤੋਂ ਵੱਧ ਲੋਕਾਂ ਤੱਕ ਪੁਚਾਉਣ ਲਈ ਯਤਨਸ਼ੀਲ ਰਹਿੰਦੇ ਹੋ । ਹਾਂ ਬੇਸ਼ਕ ਤੁਸੀਂ ਇਸ ਕਲਚਰਲ ਸੈਂਟਰ ਨੂੰ ਸਮਤਾ ਵਿਚ ਲੋਕ ਵਿਰੋਧੀ ਸਭਿਆਚਾਰਕ ਸੰਸਥਾ ਸਿੱਧ ਕਰ ਚੁੱਕੇ ਹੋ ਪਰ ਫੇਰ ਵੀ ਅਗਾਂਹ ਤੁਹਾਨੂੰ ਅਜਿਹੀ ਸਟੇਜ ਉਤੇ ਲੋਕ-ਪੱਖੀ ਸਭਿ-ਆਚਾਰ ਪੇਸ਼ ਕਰਨ ਦਾ ਮੌਕਾ ਮਿਲੇ, ਜਿਹਾ ਕਿ ਕਿਲ੍ਹਾ ਰਾਏਪੁਰ ਵਿਖੇ ਕੀਤਾ ਗਿਆ, ਤਾਂ ਜ਼ਰੂਰ ਕਰਨਾ ਚਾਹੀਦਾ ਹੈ । ਪਰ ਇਥੇ ਇਕ ਗੱਲ ਖੱਟਕੀ ਜ਼ਰੂਰ ਹੈ, ਉਹ ਹੈ ਨਾਟਕ ਦੀ ਚੋਣ । ਭਾਵੇਂ ਕਾਵਿ ਨਾਟ 'ਵੰਗਾਰ' ਲੋਕ ਵਿਰੋਧੀ ਨਹੀਂ ਪਰ ਫੇਰ ਵੀ ਐਸੀ ਸਟੇਜ ਜਿਸ ਉਤੇ ਜਿਥੇ ਸਰਕਾਰੀ ਅਤੇ ਬਜ਼ਾਰੂ ਲੱਚਰ ਪ੍ਰੋਗਰਾਮਾਂ ਦੀ ਭਰਮਾਰ ਹੋਵੇ ਤਾਂ ਨਾਟਕ ਆਪਣੀ ਸਿਆਸਤ ਦਾ ਸੁਨਿਹਾ ਪੁਚਾਣ ਵਾਲਾ ਜ਼ਰੂਰ ਹੋਵੇ । ਇਹ ਕਾਵਿਨਾਟ ਇਤਹਾਸਕ ਹੈ (1909 ਤੋਂ 1931 ਤੱਕ ਆਜ਼ਾਦੀ ਦੀ ਲੜਾਈ

ਦੇ ਪ੍ਰਵਾਨਿਆਂ ਦੇ ਜੀਵਨ ਸਬੰਧੀ) ਇਤਿਹਾਸਕ ਪ੍ਰੋਗਰਾਮ ਸਰਕਾਰੀ ਸੰਸਥਾਵਾਂ ਵੀ ਕਰਦੀਆਂ ਹਨ, ਬੇਸ਼ਕ ਉਹਨਾਂ ਦਾ ਨਜ਼ਰੀਆ ਅਤੇ ਮੰਤਵ ਕੁਝ ਹੋਰ ਹੁੰਦੇ ਹਨ। ਹਾਂ ਬੇਸ਼ਕ ਤੁਸੀਂ ਇਸ ਨਾਟਕ ਵਿਚ ਆਪਣੀ ਸਿਆਸਤ ਦੀ ਤਰਫ ਸੂਖਮ ਇਸ਼ਾਰੇ ਤਾਂ ਕੀਤੇ ਹਨ ਪਰ ਇਹ ਸਿਆਸਤ ਸਪੱਸ਼ਟ ਨਹੀਂ ਕਰਦੇ ਸਨ ਖਾਸ ਕਰਕੇ ਆਮ ਲੋਕਾਂ ਨੂੰ ਜੋ ਇਹ ਸਮਝਦੇ ਹਨ ਕਿ ਤੁਸੀਂ ਉਨ੍ਹਾਂ ਦੇ ਨਰਕੀ ਜੀਵਨ ਦੀ ਤਬਦੀਲੀ ਬਾਰੇ ਕੋਈ ਸੁਨਿਹਾ ਲੈ ਕੇ ਆਵੋਗੇ। ਹੁਣ ਜਦੋਂ ਕਿ ਤੁਸੀਂ ਇਨਕਲਾਬੀ ਏਕਤਾ ਕੇਂਦਰ (ਪੰਜਾਬ) ਦੇ ਕਨਵੀਨਰ ਹੋ ਤਾਂ ਤੁਹਾਨੂੰ ਜ਼ਿਆਦਾ ਸੁਚੇਤ ਰਹਿਣ ਦੀ ਲੋੜ ਹੈ ਅਤੇ ਤੁਹਾਡੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਇਸ ਇਲਾਕੇ ਵਿਚ ਆਪਣੇ ਅਨੇਕਾਂ ਪ੍ਰੋਗਰਾਮ ਹੋ ਚੁੱਕੇ ਹਨ ਅਤੇ ਪਿਛਲੇ ਸਾਲ ਪਲਸ ਮੰਚ ਦਾ ਪ੍ਰੋਗਰਾਮ ਵੀ ਹੋ ਚੁੱਕਾ ਹੈ (ਜੋ ਸ਼ਾਇਦ ਇਸ ਵਾਰ ਸਥਾਨਕ ਕਾਰਕੁਨਾਂ ਦੀ ਕਮਜ਼ੋਰੀ ਕਰਕੇ ਨਹੀਂ ਕਰਾਇਆ ਜਾ ਸਕਿਆ) ਅਤੇ ਲੋਕਾਂ ਵਿਚ ਤੁਸੀਂ ਲੋਕ-ਪੱਖੀ ਸਿਆਸਤ ਅਤੇ ਸਭਿਆਚਾਰ ਦੇ ਪੈਰੋਕਾਰ ਵਜੋਂ ਸਥਾਪਤ ਹੋ ਚੁੱਕੇ ਹੋ। ਇਸ ਪ੍ਰੋਗਰਾਮ ਤੋਂ ਬਾਅਦ ਸਾਧਾਰਨ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਹੈ ਕਿ 'ਗੁਰਸ਼ਰਨ ਭਾਅ ਜੀ ਵੀ ਸਰਕਾਰੀ ਪ੍ਰੋਗਰਾਮ ਕਰਨ ਲੱਗ ਪਏ ਹਨ' ਜੋ ਕਿ ਉਚਿਤ ਨਹੀਂ ਅਤੇ ਦੁਖਦਾਈ ਹੈ। ਉਂਜ ਅਜਿਹੇ ਮਹੱਤਵਪੂਰਨ ਪ੍ਰੋਗਰਾਮ ਉਤੇ ਤੁਹਾਨੂੰ ਆਪ ਆਉਣਾ ਚਾਹੀਦਾ ਸੀ ਅਤੇ ਉਸੇ ਸਟੇਜ ਤੇ ਕੀਤੇ ਗਏ ਸਰਕਾਰੀ ਅਫਸਰਾਂ ਅਤੇ ਸਿਆਸੀ ਲੀਡਰਾਂ ਦੇ ਵਾਹਦੇ ਅਤੇ ਮਕਾਰੀ ਭਰੇ ਭਾਸ਼ਣਾਂ ਦੀ ਅਸਲੀਅਤ ਪੇਸ਼ ਕਰਨੀ ਚਾਹੀਦੀ ਸੀ। ਇਸਦੇ ਨਾਲ ਹੀ ਲੱਚਰ ਗੀਤਾਂ ਅਤੇ ਪ੍ਰੋਗਰਾਮਾਂ ਦੇ ਲੋਕ ਵਿਰੋਧੀ ਰਵੱਈਏ ਬਾਰੇ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਸੀ, ਤਾਂ ਹੀ ਤੁਹਾਡਾ ਇਹ ਪ੍ਰੋਗਰਾਮ ਸਾਰਥਕ ਗਿਣਿਆ ਜਾਣਾ ਸੀ। ਉਂਜ ਇਹ ਪ੍ਰੋਗਰਾਮ ਸਰਕਾਰੀ ਅਤੇ ਲੱਚਰ ਪ੍ਰੋਗਰਾਮ ਦਰ-ਮਿਆਨ ਡੰਗ ਟਪਾਊ (Time Pass) ਹੀ ਸਾਬਤ ਹੋਇਆ ਹੈ। ਖੈਰ ਸੰਖੇਪ ਵਿਚ ਰਹਿੰਦਾ ਹੋਇਆ ਮੈਂ ਆਪ ਨੂੰ ਇਹੋ ਬੇਨਤੀ ਕਰਾਂਗਾ ਕਿ ਜਦੋਂ ਅਜਿਹੀ ਸਥਿਤੀ ਵਿਚ ਡਰਾਮਾ ਕਰਨਾ ਹੋਵੇ ਤਾਂ ਨਾਟਕ ਦੀ ਚੋਣ ਅਜਿਹੀ ਕਰਨੀ ਚਾਹੀਦੀ ਹੈ ਕਿ ਉਸ ਨਾਲ ਸਾਡੀ ਸਿਆਸਤ ਅਤੇ ਵਿਚਾਰਧਾਰਾ ਸਪੱਸ਼ਟ ਹੋ ਜਾਵੇ।

—ਹਰਜੀਤ ਸਿੰਘ, ਕਿਲ੍ਹਾ ਰਾਏਪੁਰ।

ਇਹਨਾਂ ਦੋਨੋਂ ਚਿੱਠੀਆਂ ਵਿਚ ਜੋ ਵਿਚਾਰ ਸਾਹਮਣੇ ਆਏ ਹਨ ਇਹਨਾਂ ਬਾਰੇ ਅਸੀਂ ਅੰਮ੍ਰਿਤਸਰ ਨਾਟਕ-ਕਲਾ ਕੇਂਦਰ ਦੇ ਕਲਾਕਾਰਾਂ ਨੇ ਕਾਫੀ ਵਿਚਾਰ ਵਟਾਂਦਰਾ ਕੀਤਾ ਹੈ। ਰਾਏ ਇਹ ਬਣੀ ਹੈ ਕਿ ਸਾਡੀ ਪਹਿਲੀ ਚੋਣ ਪਲਸ ਮੰਚ ਅਤੇ ਜਨ ਸੰਸਕ੍ਰਿਤੀ ਮੰਚ ਦਾ ਵਿਕਾਸ ਕਰਨਾ ਹੈ ਅਤੇ ਜਿਥੇ ਵੀ ਲੋਕ ਜਥੇਬੰਦੀਆਂ ਦਾ ਸੱਦਾ ਹੋਵੇ, ਉਥੇ ਪਹਿਲ ਦੇ ਕੇ ਜ਼ਰੂਰ ਪੁੱਜਣਾ ਹੈ, ਅਸੀਂ ਸਰਕਾਰੀ ਅਦਾਰੇ ਜਿਨ੍ਹਾਂ ਵਿਚ ਟੀ.ਵੀ., ਸਰਕਾਰ ਦੇ ਪਬਲਿਕ ਰੀਲੇਸ਼ਨਜ਼ ਜਾਂ ਕਲਚਰ ਵਿਭਾਗਾਂ ਦੇ ਨਾਟਕ ਫੈਸਟੀਵਲ ਯੂਨੀਵਰਸਿਟੀਆਂ, ਸਰਕਾਰੀ ਕਾਲਜ, ਭਾਸ਼ਾ ਵਿਭਾਗ ਅਤੇ ਅਕੈਡਮੀਆਂ ਆਦਿਕ ਆਂਦੀਆਂ ਹਨ, ਉਹਨਾਂ ਦਾ ਬਾਈਕਾਟ ਨਹੀਂ ਪਰ ਨਾਟਕਾਂ ਦੀ ਚੋਣ ਵੇਲੇ ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਕਿਸੇ ਕਿਸਮ ਦਾ ਸਮਝੌਤਾ ਨਾ ਕੀਤਾ ਜਾਏ। ਸਰਕਾਰ ਦੇ ਸਾਧਨਾਂ ਦੀ ਵਰਤੋਂ ਕਰਨ ਵਿਚ ਕੋਈ ਹਰਜ ਨਹੀਂ, ਕਿਉਂਕਿ ਸਰਕਾਰ ਦਾ ਪੈਸਾ ਵੀ ਲੋਕਾਂ ਦਾ ਪੈਸਾ ਹੈ। ਆਪਣੀ ਗੱਲ ਹਰ ਥਾਂ ਡੱਟਵੇਂ ਤਰੀਕੇ ਨਾਲ ਕਰਨੀ ਚਾਹੀਦੀ ਹੈ। ਜੇਕਰ ਕੋਈ ਪਾਬੰਦੀ ਜਾਂ ਰੁਕਾਵਟ ਪਾਈ ਜਾਏ ਤਾਂ ਰੋਸ ਕਰਕੇ ਪ੍ਰੋਗਰਾਮ ਨਾ ਕੀਤਾ ਜਾਏ ਪਰ ਉਹ ਰੋਸ ਬਾਈਕਾਟ ਦੀ ਸ਼ਕਲ ਵਿਚ ਨਾ ਹੋਏ ਸਗੋਂ ਸੰਘਰਸ਼ ਦੀ ਸ਼ਕਲ ਵਿਚ ਹੋਏ। ਲੋਕਾਂ ਦੇ ਪੈਸੇ ਵਰਤਦਿਆਂ ਲੋਕਾਂ ਲਈ ਕੀਤੇ ਜਾ ਰਹੇ ਪ੍ਰੋਗਰਾਮਾਂ ਵਿਚ ਲੋਕ-ਪੱਖੀ ਕਲਾ ਦੀ ਨੁਮਾਇੰਦਗੀ ਕੀਤੀ ਜਾਏ। ਸਰਕਾਰੀ ਅਦਾਰਿਆਂ ਵਿਚ ਬਹੁਤ ਥਾਂ ਆਪਣੇ ਹਮਦਰਦ ਲੋਕ ਹਨ, ਉਹ ਵੀ ਲੱਚਰ ਸਭਿਆਚਾਰ ਦੇ ਵਿਰੋਧ ਵਿਚ ਕੁਝ ਕਰਨਾ ਚਾਹੁੰਦੇ ਹਨ। ਜੇਕਰ ਅਸੀਂ ਬਾਈਕਾਟ ਕੀਤਾ ਤਾਂ ਉਹਨਾਂ ਨੂੰ ਮਜਬੂਰਨ ਉਹਨਾਂ ਕਲਾਕਾਰਾਂ ਦਾ ਸਹਾਰਾ ਲੈਣਾ ਪਵੇਗਾ ਜੋ ਲੱਚਰ ਸਭਿਆਚਾਰ ਨੂੰ ਫੈਲਾਉਣਾ ਚਾਹੁੰਦੇ ਹਨ। ਹਰਿਆਣਾ ਵਿਚ ਜਦੋਂ ਅੰਬਾਲਾ ਛਾਉਣੀ, ਕੁਰੂਸ਼ੇਤਰ, ਸ਼ਾਹਬਾਦ, ਅੰਬਾਲਾ ਸ਼ਹਿਰ ਵਿਚ ਵੰਗਾਰ ਅਤੇ ਕਰਫਿਊ ਨਾਟਕ ਕੀਤੇ ਗਏ ਤਾਂ ਹਰਿਆਣਾਂ ਦੇ ਆਮ ਲੋਕਾਂ ਨਾਲ ਬੜਾ ਸੰਪਰਕ ਵਧਿਆ। ਮੰਚ ਉਤੇ ਜਦੋਂ ਇਹ ਗੱਲ ਵਿਸਥਾਰ ਨਾਲ ਕੀਤੀ ਗਈ ਕਿ ਪੰਜਾਬ ਅਤੇ ਹਰਿਆਣਾ ਦੇ ਆਮ ਲੋਕਾਂ ਦੀ ਆਪਸ ਵਿਚ ਕੋਈ ਦੁਸ਼ਮਣੀ ਨਹੀਂ। ਪਾਣੀ ਤੁਹਾਨੂੰ ਵੀ ਚਾਹੀਦਾ ਹੈ ਅਤੇ ਸਾਨੂੰ ਵੀ। ਲੋੜ ਹੈ ਲੋਕ-ਪੱਖੀ ਸਰਕਾਰ ਦੀ, ਜੋ ਲੋਕਾਂ ਨੂੰ ਆਪਸ ਵਿਚ ਲੜਾਏ ਨਾ, ਸਗੋਂ ਕੁਦਰਤੀ ਸਾਧਨਾਂ ਨੂੰ ਪੂਰੀ ਤਰ੍ਹਾਂ ਵਰਤ ਕੇ ਲੋਕਾਂ ਦੀਆਂ ਮੰਗਾਂ ਪੂਰੀਆਂ ਕਰੇ। ਇਸ ਗੱਲ ਦਾ ਬੜਾ ਹਾਂ-ਪੱਖੀ ਹੁੰਗਾਰਾ ਮਿਲਿਆ। ਕੁਰੂਸ਼ੇਤਰ ਦੇ ਲੋਕਾਂ ਨੇ ਪ੍ਰੋਗਰਾਮ ਦੇ ਬਾਅਦ ਵੱਡੇ ਗਰੁੱਪ ਵਿਚ ਆ ਕੇ ਪੰਜਾਬ ਬਾਰੇ ਗੱਲਾਂ ਕੀਤੀਆਂ। ਚੰਡੀਗੜ੍ਹ ਦੇ ਫੈਸਟੀਵਲ ਤੇ ਜਿਥੇ ਵੱਡੇ ਸਮੂਹ ਵਿਚ ਕਰਫਿਊ, ਚੰਡੀਗੜ੍ਹ ਪੁਆੜੇ ਦੀ ਜੜ੍ਹ, ਟੋਆ, ਵੰਗਾਰ ਵਰਗੇ ਨਾਟਕ ਕੀਤੇ ਗਏ, ਲੋਕਾਂ ਅੱਗੇ ਆਪਣੀ ਸਿਆਸਤ ਨੂੰ ਵੀ ਪੂਰੀ ਤਰ੍ਹਾਂ ਪੇਸ਼

ਕੀਤਾ ਗਿਆ। ਚੰਡੀਗੜ੍ਹ ਦੇ ਆਲੇ ਦੁਆਲੇ ਪਿੰਡਾਂ ਵਿਚ, ਮਾਰਕੀਟਾਂ ਵਿਚ ਅਤੇ ਪ੍ਰੈਸ ਵਰਕਰਾਂ ਅੱਗੇ ਨੁੱਕਰ ਨਾਟਕ ਕੀਤੇ ਗਏ। ਇਹ ਸਾਰੇ ਸਹੀ ਅਤੇ ਹਾਂ-ਪੱਖੀ ਤਜਰਬੇ ਸਨ। 'ਵੰਗਾਰ' ਨਾਟਕ ਦੀ ਚੋਣ ਇਹਨਾਂ ਪ੍ਰੋਗਰਾਮਾਂ ਵਿਚ ਵੀ ਅਤੇ ਕਿਲ੍ਹਾ ਰਾਏਪੁਰ ਇਸ ਲਈ ਕੀਤੀ ਗਈ ਕਿਉਂਕਿ ਇਹ ਨਾਟਕ ਪੰਜਾਬ ਦੀ ਆਜ਼ਾਦੀ ਦੀ ਲੜਾਈ ਵਿਚ ਧਰਮ ਨਿਰਪੇਖਤਾ ਦਾ ਅੰਸ਼, ਕਿਸਾਨਾਂ ਦੀ ਲੁੱਟ ਦਾ ਅੰਸ਼, ਗ਼ਦਰੀ ਬਾਬਿਆਂ ਦੇ ਅਤੇ ਭਗਤ ਸਿੰਘ ਤੇ ਸਾਥੀਆਂ ਦੇ ਇਨਕਲਾਬੀ ਸੁਨਿਹੇ ਦੇਂਦਾ ਹੋਇਆ, ਚਮਚਾਗੀਰੀ ਦੀ ਸਿਆਸਤ ਦਾ ਖੰਡਨ ਕਰਦਾ ਹੈ। ਭਗਤ ਸਿੰਘ ਦਾ ਕਚੈਹਰੀ ਵਿਚ ਬਿਆਨ ਜੋ ਇਤਿਹਾਸਕ ਬਿਆਨ ਹੈ, ਇਨਕਲਾਬੀ ਸਿਆਸਤ ਨੂੰ ਪੂਰੀ ਤਰ੍ਹਾਂ ਪੇਸ਼ ਕਰਦਾ ਹੈ ਅਤੇ ਉਹਦਾ ਇਹ ਕਹਿਣਾ ਕਿ ਅਸੀਂ ਐਸੀ ਆਜ਼ਾਦੀ ਨਹੀਂ ਚਾਹਵਾਂਗੇ ਕਿ ਜਿਥੇ ਇਹ ਸਿਸਟਮ ਨਾ ਬਦਲੇ ਤੇ ਗੋਰੇ ਅੰਗਰੇਜ਼ਾਂ ਦੀ ਥਾਂ ਕਾਲੇ ਅੰਗਰੇਜ਼ਾਂ ਦਾ ਰਾਜ ਆ ਜਾਏ। ਅਸੀ ਆਜ਼ਾਦੀ ਦੇ ਨਾਲ ਇਨਕਲਾਬ ਨੂੰ ਜੋੜਨਾ ਚਾਹਵਾਂਗੇ। ਕਿਸੇ ਨਾਟਕ ਵਿਚ ਤਾਂ ਇਸੇ ਤਰ੍ਹਾਂ ਹੀ ਸਿਆਸਤ ਦਿੱਤੀ ਜਾਂਦੀ ਹੈ। ਹਾਂ ਨਾਟਕਾਂ ਬਾਰੇ ਜਦੋਂ ਬੋਲੀਦਾ ਹੈ ਤਾਂ ਅੱਜ ਦੀ ਸਿਆਸਤ ਹੋਰ ਸਪੱਸ਼ਟ ਹੋ ਜਾਂਦੀ ਹੈ। ਕਿਲ੍ਹਾ ਰਾਏਪੁਰ ਸ਼ਾਇਦ ਇਸ ਗੱਲ ਦੀ ਘਾਟ ਰਹਿ ਗਈ ਹੋਣੀ ਹੈ ਜੋ ਹਰਜੀਤ ਸਿੰਘ ਹੋਰਾਂ ਨੇ ਨੋਟਿਸ ਵਿਚ ਲਿਆਂਦੀ ਹੈ। ਇਹਦੇ ਲਈ ਉਹਨਾਂ ਦਾ ਧੰਨਵਾਦ ਕਰਨਾ ਜ਼ਰੂਰੀ ਹੈ। ਟੀ.ਵੀ. ਅਤੇ ਹੋਰ ਸਰਕਾਰੀ ਅਦਾਰੇ ਬੁਨਿਆਦੀ ਤੌਰ ਤੇ ਬੁਰਜੂਆ ਕਲਚਰ ਦੇ ਕੇਂਦਰ ਹੀ ਹੋਣਗੇ। ਇਹਨਾਂ ਵਿਚ ਜੇ ਅਸੀਂ ਆਪਣੀ ਗੱਲ ਕਰਕੇ ਇਹਨਾਂ ਰਾਹੀਂ ਫੈਲਾਏ ਹੋਏ ਜ਼ਹਿਰ ਨੂੰ ਕੁਝ ਘਟਾ ਸਕੀਏ ਤਾਂ ਇਹ ਕੋਈ ਗ਼ਲਤ ਗੱਲ ਨਹੀਂ ਹੋਏਗੀ, **ਪਰ ਇਹ ਗੱਲ ਕਦੀ ਵੀ ਨਹੀਂ ਭੁੱਲਣੀ ਚਾਹੀਦੀ ਕਿ ਅਸਲੀ ਕੰਮ ਆਪਣੇ ਸੈਂਟਰਾਂ ਦਾ ਵਿਕਾਸ ਕਰਨਾ ਹੈ।** ਸਾਡੀ ਲਹਿਰ ਜਦੋਂ ਤਕੜੀ ਹੋ ਗਈ ਤਾਂ ਇਹ ਮੁਸ਼ਕਲ ਨਹੀਂ ਹੋਏਗਾ। ਧਾਰਮਕ ਅਦਾਰਿਆਂ ਵਿਚ ਵੀ ਇਸੇ ਨੀਤੀ ਅਧੀਨ ਜਾਣਾ ਬਣਦਾ ਹੈ ਕਿ ਉਥੇ ਲੋਕਾਂ ਦੇ ਇਕੱਠ ਵਿਚ ਧਰਮਾਂ ਦੇ ਮਾਨਵਵਾਦੀ ਅੰਸ਼ਾਂ ਨੂੰ ਉਭਾਰਿਆ ਜਾਏ ਤੇ ਅੱਜ ਦੇ ਸੰਦਰਭ ਵਿਚ ਆਈ ਸਿਆਸਤ ਦਾ ਸੁਨਿਹਾ ਦਿੱਤਾ ਜਾਏ। ਧਾਰਮਕ ਮੂਲਵਾਦ ਨਾਲ ਉਹਨਾਂ ਦੇ ਗੜ੍ਹਾਂ ਵਿਚ ਜਾ ਕੇ ਮੁਕਾਬਲਾ ਕਰਨਾ ਪਵੇ ਤਾਂ ਕਰਨਾ ਚਾਹੀਦਾ ਹੈ, ਪਰ ਧਿਆਨ ਇਹ ਰੱਖਣਾ ਜ਼ਰੂਰੀ ਹੈ ਕਿ ਸਮੇਂ ਦੇ ਅਨੁਸਾਰ ਨਾਟਕਾਂ ਦੀ ਚੋਣ ਸਹੀ ਹੋਏ। ਲੋਕ-ਪੱਖੀ ਕਲਾਕਾਰਾਂ ਨੂੰ ਹਰ ਉਸ ਥਾਂ ਜਿਥੇ ਲੋਕ ਹੋਣ ਆਪਣੀ ਕਲਾ ਪੇਸ਼ ਕਰਨ ਦਾ ਮੌਕਾ ਵਰਤਣਾ ਚਾਹੀਦਾ ਹੈ ਪਰ ਇਸ ਗੱਲ ਦਾ ਬੜਾ ਸਖ਼ਤ ਧਿਆਨ ਰਖਿਆ ਜਾਏ ਕਿ ਕਲਾਕ੍ਰਿਤ ਵਿਚ ਕੋਈ ਸਮਝੌਤਾ ਨਾ ਹੋਏ।

### ○ ਇਨਕਲਾਬੀ ਏਕਤਾ ਕੇਂਦਰ ਦੀ ਸਥਾਪਨਾ ਦੇ ਸੰਦਰਭ ਵਿਚ ਸੁਰਖ ਰੇਖਾ ਬਨਾਮ ਗੁਰਸ਼ਰਨ ਸਿੰਘ

ਅਗਸਤ ਦੇ ਸਮਤਾ ਅੰਕ ਵਿਚ ਜਦੋਂ ਕਮਿਊ-ਨਿਸਟ ਇਨਕਲਾਬੀਆਂ ਦੀ ਏਕਤਾ ਬਾਰੇ ਸੱਦਾ ਦਿਤਾ ਗਿਆ ਤਾਂ ਮੈਂ (ਗੁਰਸ਼ਰਨ ਸਿੰਘ) ਅਪਣੀ ਸੋਚ ਬਾਰੇ ਕੁਝ ਗੱਲਾਂ ਸਪੱਸ਼ਟ ਕੀਤੀਆਂ ਅਤੇ ਕਮਿਊਨਿਸਟ ਪਾਰਟੀ ਨਾਲ ਅਪਣੇ ਲੰਮੇ ਸੰਪਰਕ ਬਾਰੇ ਕੁਝ ਅਪਣੇ ਤਜਰਬੇ ਪਾਠਕਾਂ ਨਾਲ ਸਾਂਝੇ ਕੀਤੇ। ਮੇਰੇ ਤਜਰਬੇ ਇਕ ਸਾਧਾਰਨ ਮੈਂਬਰ ਦੇ ਤਜਰਬੇ ਹਨ। ਮੇਰੀਆਂ ਬਹੁਤੀਆਂ ਧਾਰਨਾਵਾਂ ਨਾਲ ਸੁਰਖ ਰੇਖਾ ਦੀ ਸਹਿਮਤੀ ਨਹੀਂ, ਉਹਨਾਂ ਦਾ ਕਮਿਊਨਿਸਟ ਲਹਿਰ ਦੀਆਂ ਵੱਖ ਵੱਖ ਘਟਨਾਵਾਂ ਬਾਰੇ ਅਪਣਾ ਵਿਸ਼ਲੇਸ਼ਣ ਹੈ, ਜੋ ਬੁਨਿਯਾਦੀ ਤੌਰ ਤੇ ਸੀ. ਪੀ. ਆਈ (ਐਮ. ਐਲ) ਸੀ. ਟੀ. ਗਰੁੱਪ ਦਾ ਵਿਸ਼ਲੇਸ਼ਣ ਹੈ। ਮੈਂ ਉਹਨਾਂ ਦੇ ਇਸ ਵਿਸ਼ਲੇਸਣ ਨੂੰ ਕੋਈ ਚਣੌਤੀ ਨਹੀਂ ਦੇਂਦਾ, ਉਹਦੇ ਲਈ ਆਪਸੀ ਬਹਿਸ ਦੇ ਹੋਰ ਥੜ੍ਹੇ ਹੋਣਗੇ। ਮੈਂ ਇਨਕਲਾਬੀ ਏਕਤਾ ਕੇਂਦਰ ਦੀ ਸਥਾਪਨਾਂ ਦਾ ਇਕ ਵਡਾ ਮੰਤਵ ਹੀ ਇਹ ਥੜ੍ਹਾ ਸਥਾਪਤ ਕਰਨਾ ਮੰਨਦਾ ਹਾਂ ਜਿਥੇ ਰੱਟੇ ਵਾਲੇ ਮਾਮਲਿਆਂ ਤੇ ਖੁਲ੍ਹ ਕੇ ਭਰਾਤਰੀ ਆਲੇ ਦੁਆਲੇ ਵਿਚ ਬਹਿਸ ਹੋ ਸਕੇਗੀ। ਪਹਿਲੀ ਗੱਲ ਜਿਹੜੀ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਜਦੋਂ ਮੈਂ ਕਮਿਊਨਿਸਟ ਇਨਕਲਾਬੀਆਂ ਨੂੰ ਇਕ ਥੜ੍ਹੇ ਤੇ ਇਕੱਠੇ ਹੋਣ ਲਈ ਕਿਹਾ ਸੀ ਤਾਂ ਮੈਂ ਇਹ ਗੱਲ ਸਾਫ ਕੀਤੀ ਸੀ ਕਿ ਮੈਂ ਇਸ ਸੱਦੇ ਵਿਚ ਉਹਨਾਂ ਕਮਿਊਨਿਸਟਾਂ ਨੇ ਸ਼ਾਮਲ ਕਰਨਾ ਹੈ ਜਿਨ੍ਹਾਂ ਨੇ ਨਕਸਲ-ਬਾੜੀ ਦੀ ਕਿਸਾਨੀ ਬਗ਼ਾਵਤ ਨੂੰ ਭਾਰਤ ਦੇ ਇਨਕਲਾਬ ਦਾ ਇਕ ਮਹੱਤਵਪੂਰਨ ਕਾਂਡ ਕਰਾਰ ਦਿਤਾ ਸੀ ਅਤੇ ਉਸ ਨੂੰ ਅਪਣਾਇਆ ਸੀ। ਉਹਨਾਂ ਦੀ ਇਸ ਵੇਲੇ ਕੀ ਪੁਜ਼ੀਸ਼ਨ ਹੈ, ਇਸ ਬਾਰੇ ਮੈਂ ਫੈਸਲਾ ਦੇਣ ਦੇ ਨਾ ਹੀ ਅਪਣੇ ਆਪ ਨੂੰ ਯੋਗ ਸਮਝਦਾ ਸਾਂ ਅਤੇ ਨਾ ਹੀ ਹੱਕ ਰਖਦਾ ਸਾਂ। ਅਤੇ ਨਾ ਹੀ ਇਸ ਬਹਿਸ ਵਿਚ ਪੈਣਾ ਚਾਹੁੰਦਾ ਸਾਂ। ਜੇ ਮੈਂ ਇਸ ਬਹਿਸ ਵਿਚ ਪੈ ਜਾਂਦਾ ਤਾਂ ਜਿਹੜਾ ਸੱਦਾ ਦਿਤਾ ਸੀ, ਉਹਦਾ ਸਾਰਾ ਮਤਲਬ ਹੀ ਖ਼ਤਮ ਹੋ ਜਾਣਾ ਸੀ। ਇਹ ਸੱਦਾ ਹੋਰਨਾਂ ਗਰੁੱਪਾਂ ਦੇ ਇਲਾਵਾ ਸਰਾਫ ਗਰੁੱਪ, ਪੈਗ਼ਾਮ ਗਰੁੱਪ ਵਾਲਿਆਂ ਲਈ ਵੀ ਸੀ ਅਤੇ ਮੈਂ ਚਾਹੁੰਦਾ ਸਾਂ ਕਿ ਉਹ 9 ਨਵੰਬਰ ਆਕੇ ਅਪਣੀ ਗੱਲ ਹਾਊਸ ਅਗੇ ਰਖਣ ਅਤੇ ਇਸਦਾ ਫੈਸਲਾ ਹਾਊਸ ਹੀ ਕਰੇ ਕਿ ਕਿਹੜੇ ਗਰੁੱਪ ਏਕਤਾ ਕੇਂਦਰ ਵਿਚ

ਸ਼ਾਮਲ ਹੋ ਸਕਦੇ ਹਨ ਤੇ ਕਿਹੜੇ ਨਹੀਂ ਹੋ ਸਕਦ । ਉਥੇ ਹਾਊਸ ਨੇ ਜੋ ਫੈਸਲਾ ਲਿਆ, ਉਸ ਅਨੁਸਾਰ ਉਹਨਾਂ ਦਾ ਕੇਂਦਰ ਵਿਚ ਨਾ ਆਉਣਾ ਠੀਕ ਸਮਝਿਆ ਗਿਆ । ਮੇਰੀ ਜ਼ਾਤੀ ਰਾਏ ਨੇ ਇਸ ਫੈਸਲੇ ਵਿਚ ਕੋਈ ਦਖਲ-ਅੰਦਾਜ਼ੀ ਨਹੀਂ ਕੀਤੀ । ਇਸ ਕਰਕੇ ਮੈਂ ਕਹਿ ਸਕਨਾ ਹਾਂ ਕਿ ਕੇਂਦਰ ਦੇ ਪੈਦਾਇਸ਼ੀ ਅਮਲ ਵਿਚ ਕੋਈ ਘਚੋਲਾ ਨਹੀਂ ਸੀ । ਇਹ ਸੋਚੀ ਸਮਝੀ ਪਹੁੰਚ ਸੀ ਤਾਂ ਜੋ ਵੱਧ ਤੋਂ ਵੱਧ ਸੰਭਵ ਏਕਤਾ ਹੋ ਸਕੇ । ਸੀ. ਟੀ. ਅਤੇ ਉਕਰੀ ਦੇ ਨੁਮਾਇੰਦਿਆਂ ਨਾਲ 9 ਨਵੰਬਰ ਤੋਂ ਪਹਿਲਾਂ ਵੀ ਇਸ ਵਿਸ਼ੇ ਤੇ ਜੋ ਗੱਲ ਹੋਈ ਸੀ ਤਾਂ ਮੇਰੇ ਕੋਲੋਂ ਪੁਛਿਆ ਗਿਆ ਕਿ ਇਹ ਥੜਾ ਕੀ ਹੋਵੇਗਾ ? ਇਸਦੀ ਰੂਪ ਰੇਖਾ ਕੀ ਹੋਵੇਗੀ ? ਤਾਂ ਮੈਂ ਆਖਿਆ ਸੀ ਕਿ ਮੇਰੀ ਜ਼ਾਤੀ ਰਾਏ ਵਿਚ ਇਹ ਇਕ ਵਿਸ਼ਾਲ ਥੜਾ ਹੋਵੇਗਾ ਜਿਸ ਵਿਚ ਇਨਕਲਾਬ ਦਾ ਲੋਕਾਂ ਵਿਚ ਪਰਚਾਰ, ਕਮਿਊਨਿਸਟ ਇਨਕਲਾਬੀਆਂ ਦਾ ਦੋਸਤਾਨਾ ਮਾਹੌਲ ਵਿਹ ਵਿਚਾਰ-ਵਟਾਂਦਰਾ ਤੇ ਅਵਾਮੀ ਫਰੰਟਾਂ ਤੇ ਵੱਖ ਵੱਖ ਕਮਿਊਨਿਸਟ ਇਨਕਲਾਬੀਆਂ ਦੇ ਕੈਡਰ ਦਰਮਿਆਨ ਸਾਂਝੇ ਘੋਲਾਂ ਵਿਚ ਸਾਂਝ ਲਿਆਉਣੀ ਹੋਵੇਗੀ । ਇਹ ਪੁਛੇ ਜਾਣ ਤੇ ਕਿ ਕੀ ਇਹ ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਦਾ ਇਕ ਕੇਂਦਰ ਹੋਵੇਗਾ ਜਾਂ ਇਕ ਜਮਹੂਰੀ ਫਰੰਟ ਹੋਵੇਗਾ ਤਾਂ ਮੇਰਾ ਉਤਰ ਸੀ ਕਿ ਇਸਦੀ ਸਹੀ ਰੂਪ ਰੇਖਾ ਤਾਂ ਕੇਂਦਰ ਵਿਚ ਇਕੱਠੇ ਹੋਏ ਸਾਥੀ ਹੀ ਬਣਾ ਸਕਨਗੇ ਪਰ ਮੇਰੀ ਜ਼ਾਤੀ ਰਾਏ ਵਿਚ ਇਹ ਜਾਣੇ ਜਾਂਦੇ ਕਮਿਊਨਿਸਟ ਇਨਕਲਾਬੀਆਂ ਦਾ ਜਮਹੂਰੀ ਫਰੰਟ ਹੋਵੇਗਾ, ਜਿਸ ਵਿਚ ਵੱਖ ਵੱਖ ਗਰੁੱਪ ਆਪਣੀ ਪਹਿਚਾਣ ਕਾਇਮ ਰੱਖਣਗੇ ਪਰ ਕੁਝ ਸਾਂਝੇ ਕੰਮਾਂ ਵਾਸਤੇ ਸਾਂਝੀ ਕਾਰਵਾਈ ਵੀ ਕਰਨਗੇ । ਇਸ ਕਰਕੇ ਇਹ ਕਹਿਣਾ ਕਿ ਜਦੋਂ ਮੈਂ ਇਹ ਸੱਦਾ ਦਿਤਾ ਸੀ ਤਾਂ ਮੈਨੂੰ ਕੋਈ ਸਪੱਸ਼ਟਤਾ ਨਹੀਂ ਸੀ, ਇਹ ਗ਼ਲਤ ਹੈ । ਹਾਂ ਮੇਰੀ ਸਪੱਸ਼ਟਤਾ ਨਾਲ ਕਿਸੇ ਨੂੰ ਸਹਿਮਤੀ ਨਾ ਹੋਵੇ ਇਹ ਵੱਖਰੀ ਗੱਲ ਹੈ । ਮੈਂ ਆਪਣੀਆਂ ਯਾਦਾਂ ਵਿਚ ਇਕ ਉਸ ਯਾਦ ਦਾ ਵੀ ਜ਼ਿਕਰ ਕੀਤਾ ਜਦੋਂ ਵੀਹਵੀਂ ਕਾਂਗਰਸ ਵਿਚ ਕਰੁਸਚੇਵ ਵਲੋਂ ਸਟਾਲਿਨ ਦੇ ਅਹਿਦ ਵਿਚ ਹੋਈਆਂ ਕੁਝ ਘੋਰ ਗ਼ਲਤੀਆਂ ਨੂੰ ਸਾਹਮਣੇ ਲਿਆਂਦਾ ਗਿਆ । ਇਹ ਗ਼ਲਤੀਆਂ ਅਨੁਵਾਦੀ ਅਸੂਲਾਂ ਦੀਆਂ ਉਲੰਘਣਾਂ ਕਰਦੀਆਂ ਸਨ ਗਦੋਂ ਆਪਣੇ ਸਾਥੀਆਂ ਨੂੰ ਪਾਰਟੀ ਡਸਿਪਲਿਨ ਦੇ ਨਾਂ ਥਲੇ ਖ਼ਤਮ ਕੀਤਾ ਗਿਆ । ਸਰਖ ਰੇਖਾ ਨੇ ਲਿਖਿਆ ਹੈਕਿ ਬਜ਼ੁਰਗ ਸਾਥੀ ਨੂੰ ਕਮਿਊਨਿਸਟ ਸਿਧਾਂਤ ਦੇ ਮਾਨਵਵਾਦੀ ਹੋਣ ਤੇ ਵੀ ਸ਼ੱਕ ਹੈ । ਮੈਨੂੰ ਕਮਿਊਨਿਸਟ ਸਿਧਾਂਤ ਤੇ ਸ਼ੱਕ ਨਹੀਂ ਹੈ ਪਰ ਮੈਂ ਇਹ ਦਾਅਵੇ ਨਾਲ ਕਹਿ ਸਕਨਾਂ ਹਾਂ ਕਿ ਕਮਿਊਨਿਸਟ ਪਾਰਟੀਆਂ ਦੀ ਕਾਰਗੁਜ਼ਾਰੀ ਵਿਚ ਕੁਝ ਗੱਲਾਂ ਐਸੀਆਂ ਜ਼ਰੂਰ ਹਨ, ਜੋ ਮਾਨਵਵਾਦੀ ਅਸੂਲਾਂ ਦੀ ਉਲੰਘਣਾ ਕਰਦੀਆਂ ਹਨ । ਜੇਕਰ ਇਹ ਨਾਂ ਹੁੰਦੀਆਂ ਤਾਂ ਰੂਸ ਅਤੇ ਚੀਨ ਦੀਆਂ ਪਾਰਟੀਆਂ ਵਿਚ ਉਹ ਸਭ ਕੁਝ ਨਾ ਦੇਖਣ ਨੂੰ ਆਂਦਾ ਜੋ ਹੁਣ ਦੇਖਣ ਵਿਚ ਆ ਰਿਹਾ ਹੈ । ਇਕ ਕਮਿਊਨਿਸਟ ਦੀ ਹੈਸੀਅਤ ਵਿਚ ਆਪਣੇ ਕਿੰਤੂ ਜ਼ਾਹਰ ਕਰਨੇ ਮੇਰੀ ਸਮਝ ਵਿਚ ਸਾਡਾ ਸਾਰਿਆਂ ਦਾ ਫਰਜ਼ ਹੈ । ਜੇਕਰ ਕਮਿਊਨਿਸਟ ਸੋਸਾਇਟੀਆਂ ਇਕ ਨਵੇਂ ਮਨੁੱਖ ਦੀ ਸਥਾਪਨਾ ਕਰਨ ਵਿਚ ਅਸਫਲ ਰਹੀਆਂ ਹਨ ਤਾਂ ਇਹ ਸਾਡੇ ਸਾਰਿਆਂ ਲਈ ਫਿਕਰ ਵਾਲੀ ਗੱਲ ਹੋਣੀ ਚਾਹੀਦੀ ਹੈ । ਕਮਿਊਨਿਸਟ ਵਰਤਾਰੇ ਵਿਚ ਇਕ ਸ਼ਬਦ ਹੁਣ ਗਾਲ੍ਹ ਵਾਕੁਨ ਵਰਤਿਆ ਜਾਂਦਾ ਹੈ, 'ਨਿੱਕਬੁਰਜੁਆ ਭਾਵੁਕਤਾ' । ਇਹ ਬਿਲਕੁਲ ਭੁਲਾ ਦਿੱਤਾ ਗਿਆ ਹੈ ਕਿ ਭਾਵੁਕਤਾ ਇਕ ਮਨੁੱਖੀ ਜਜ਼ਬਾ ਹੈ । ਕਾਰਲ ਮਾਰਕਸ ਅਤੇ ਹੋਰ ਕਮਿਊਨਿਸਟ ਮੋਢੀ ਨਿਕਬੁਰਜੁਆ ਜਮਾਤ ਵਿਚੋਂ ਹੀ ਸਨ ਤੇ ਉਹਨਾ ਨੇ ਭਾਵੁਕਤਾ ਦੇ ਜਜ਼ਬੇ ਥਲੇ ਸਭ ਕੁਝ ਛੱਡ ਛੁਡਾਕੇ ਕਮਿਊਨਿਸਟ ਬਣਨਾ ਮਨਜ਼ੂਰ ਕੀਤਾ ਅਤੇ ਯੁੱਗ ਪਲਟਾਊ ਸਿਧਾਂਤਾਂ ਨੂੰ ਜਨਮ ਦਿਤਾ । ਮੈਂ ਵੀ ਜ਼ਿੰਦਗੀ ਵਿਚ ਜੋ ਕੁਝ ਕੀਤਾ ਹੈ ਇਸ ਭਾਵੁਕਤਾ ਅਧੀਨ ਕੀਤਾ ਹੈ । ਇਕ ਸੁੱਪਨਾ ਲਿਆ ਹੈ ਕਿ ਇਕ ਐਸਾ ਸਮਾਜ ਜ਼ਰੂਰ ਬਣੇ ਜਿਥੇ ਕਿਸੇ ਦੀ ਮੇਹਨਤ ਦੀ ਲੁੱਟ ਨਾ ਹੋਵੇ ਤੇ ਇਸ ਸੁੱਪਨੇ ਪਿਛੇ ਸਾਰੀ ਸਮਾਜਕ ਸਾਇੰਸ ਕੀ ਹੈ, ਇਸ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਹੈ । ਕਮਿਊਨਿਸਟ ਵਰਤਾਰੇ ਵਿਚ ਜਦੋਂ ਕੋਈ ਗ਼ੈਰ ਮਾਨਵਵਾਦੀ ਕਾਰਵਾਈ ਹੁੰਦੀ ਹੈ ਤਾਂ ਇਹਦਾ ਮੈਨੂੰ ਦੁੱਖ ਪੁੱਜਦਾ ਹੈ । ਇਸ ਵਿਚ ਵਿਚਾਰਧਾਰਕ ਧੁੰਧਲਾਪਨ ਕੋਈ ਨਹੀਂ ਤੇ ਨਾਂ ਹੀ ਮੈਂ ਕਿਸੇ ਗ਼ੈਰ ਮਾਨਵਵਾਦੀ ਵਰਤਾਰੇ ਨੂੰ ਡਸਿਪਲਿਨ ਦੇ ਨਾਂ ਤੇ ਅੱਖੋਂ ਪਰੋਖੇ ਕਰਨਾ ਚਾਹੁੰਦਾ ਹਾਂ । ਉਸ ਕਮਿਊਨਿਸਟ ਪਤ੍ਰਕਾਰੀ ਨਾਲ ਮੈਂ ਸਹਿਮਤ ਨਹੀਂ ਜਿਸ ਵਿਚ ਆਪਣੀ ਸਿਆਸੀ ਸੋਚ ਨਾਲ ਨਾ ਸਹਿਮਤ ਹੋਣ ਵਾਲੇ ਦੀ ਹਰ ਨਿਖੇਧਾਤਮਕ ਉਪਨਾਮ ਦੇ ਕੇ ਭੰਡੀ ਕੀਤੀ ਜਾਏ । ਮੈਂ ਪੀ. ਸੀ. ਜੋਸ਼ੀ,ਸਤਪਾਲ ਡਾਂਗ ਜਾਂ ਮਲਵਿੰਦਰ ਮਾਲੀ ਬਾਰੇ ਚੰਗੇ ਸ਼ਬਦ ਵਰਤੇ ਹਨ ਤਾਂ ਮੇਰੀ ਨਜ਼ਰ ਵਿਚ ਉਹ ਉਹਨਾਂ ਸ਼ਬਦਾਂ ਦੇ ਹੱਕਦਾਰ ਹਨ, ਭਾਵੇਂ ਉਹਨਾਂ ਦੀ ਸਿਆਸੀ ਸੋਚ ਨਾਲ ਮੇਰੇ ਵਖਰੇਵੇਂ ਕਿਉਂ ਨਾ ਹੋਣ । 9 ਨਵੰਬਰ ਨੂੰ ਹੁਣ ਜਦ ਇਨਕਲਾਬੀ ਏਕਤਾ ਕੇਂਦਰ ਸਥਾਪਤ ਹੋ ਗਿਆ ਹੈ ਤਾਂ ਮੇਰੀਆਂ ਜ਼ਾਤੀ ਧਾਰਨਾਵਾਂ ਹੁਣ ਬਹੁਤਾ ਅਰਥ ਨਹੀਂ ਰੱਖਦੀਆਂ । ਏਕਤਾ ਕੇਂਦਰ ਦੇ ਦੋ ਦਸਤਾਵੇਜ਼ ਇਕ ਸਮਝ ਲੈ ਕੇ

ਪ੍ਰਕਾਸ਼ਤ ਕੀਤੇ ਗਏ ਹਨ। ਅਸੀਂ ਉਹਨਾਂ ਦੀ ਬਿਨਾ ਤੇ ਦੂਜੇ ਇਨਕਲਾਬੀ ਗਰੁੱਪਾਂ ਨਾਲ ਭਰਾਤਰੀ ਬਾਤ ਚੀਤ ਕਰ ਰਹੇ ਹਾਂ। ਸੁਰਖ ਰੇਖਾ ਵਿਚ ਉਠਾਏ ਗਏ ਇਤਰਾਜ਼ਾਂ ਨੂੰ ਵੀ ਅਤੇ ਹੋਰਨਾਂ ਇਨਕਲਾਬੀ ਪਰਦਿਆਂ ਵਿਚ ਉਠਾਏ ਗਏ ਇਤਰਾਜ਼ਾਂ ਬਾਰੇ ਅਸੀਂ ਬੜੀ ਸੰਜੀਦਗੀ ਨਾਲ ਸੋਚਦੇ ਹੋਏ ਵਧ ਤੋਂ ਵੱਧ ਏਕਤਾ ਲਿਆਉਣ ਦਾ ਯਤਨ ਕਰ ਰਹੇ ਹਾਂ। ਜਿਤਨਾ ਬਹੁਤਾ ਰਾਜਸੀ ਤਜਰਬਾ ਇਕ ਕੇਂਦਰ ਵਿਚ ਜਮਾਂ ਹੋਵੇਗਾ, ਉਨੀ ਹੀ ਸਾਰਥਕਤਾ ਗੱਲ ਕੀਤੀ ਜਾ ਸਕੇਗੀ।

**o ਇਨਕਲਾਬੀ ਏਕਤਾ ਕੇਂਦਰ ਦਾ ਸਮਾਗਮ ਅਤੇ ਪਲਸ ਮੰਚ ਦਾ ਸਮਾਗਮ**

ਇਹ ਦੋਨੋਂ ਸਮਾਗਮ 24 ਅਤੇ 25 ਜਨਵਰੀ ਤਰਤੀਬਵਾਰ ਹੋਏ। ਸਮਤਾ ਕਿਉਂਕਿ 23, 24 ਤ੍ਰੀਖ ਛਪ ਜਾਂਦੀ ਹੈ, ਇਸ ਕਰਕੇ ਇਹਨਾਂ ਸਮਾਗਮਾਂ ਬਾਰੇ ਕੋਈ ਰੀਪੋਰਟਿੰਗ ਫਰਵਰੀ ਸਮਤਾ ਵਿਚ ਨਹੀਂ ਛੱਪ ਸਕੀ ਸੀ। ਪਲਸ ਮੰਚ ਦਾ ਸਮਾਗਮ 24 ਜਨਵਰੀ ਹੋਣਾ ਮਿਥਿਆ ਗਿਆ ਸੀ। ਇਸੇ ਦਿਨ ਇਨਕਲਾਬੀ ਏਕਤਾ ਕੇਂਦਰ ਦਾ ਸਮਾਗਮ ਵੀ ਕਰਨਾ ਮਿਥਿਆ ਗਿਆ ਸੀ। ਭਾਵੇਂ ਸਮੇਂ ਦੀ ਆਪਸੀ ਵਿੱਥ ਜ਼ਰੂਰ ਸੀ ਪਰ ਪਲਸ ਮੰਚ ਦੇ ਜ. ਸਕੱਤ੍ਰ ਦੇ ਵਿਚਾਰ ਵਿਚ ਇਹ ਦੋਨੋਂ ਪ੍ਰੋਗਰਾਮ ਰੱਲਗੱਡ ਨਹੀਂ ਹੋਣੇ ਚਾਹੀਦੇ ਸਨ, ਇਸ ਲਈ ਉਹਨੇ ਇਕ ਫੈਸਲਾ ਲੈ ਕੇ ਪਲਸ ਮੰਚ ਦਾ ਪ੍ਰੋਗਰਾਮ 25 ਫਰਵਰੀ ਤੇ ਮੁਲਤਵੀ ਕਰ ਦਿਤਾ ਅਤੇ ਅਖਬਾਰਾਂ ਵਿਚ ਦੇ ਦਿਤਾ। ਇਹ ਫੈਸਲਾ ਲੈਣ ਵਿਚ ਉਹਨੇ ਕਾਹਲ ਜ਼ਰੂਰ ਕੀਤੀ ਕਿਉਂਕਿ ਮੈਂ ਆਪ ਇਨਕਲਾਬੀ ਏਕਤਾ ਕੇਂਦਰ ਦਾ ਕਨਵੀਨਰ ਵੀ ਸਾਂ ਅਤੇ ਪਲਸ ਮੰਚ ਦਾ ਪ੍ਰਧਾਨ ਵੀ ਸਾਂ, ਇਸ ਲਈ ਸਲਾਹ ਕਰਕੇ ਇਸ ਉਲਝਣ ਦਾ ਕੋਈ ਰਾਹ ਲਭਣਾ ਮੁਸ਼ਕਲ ਨਹੀਂ ਸੀ। ਖੈਰ ਲੋਕਾਂ ਵਿਚ ਕੋਈ ਮਾਯੂਸੀ ਜਾਂ ਘਚੋਲਾ ਨਾ ਪਵੇ, ਇਨਕਲਾਬੀ ਏਕਤਾ ਕੇਂਦਰ ਵਾਲੇ ਸਾਥੀਆਂ ਨੇ ਇਹ ਫੈਸਲਾ ਲਿਆ ਕਿ 24 ਤ੍ਰੀਖ ਇਨਕਲਾਬੀ ਏਕਤਾ ਕੇਂਦਰ ਦੇ ਸਮਾਗਮ ਵਿਚ ਸਭਿਆਚਾਰਕ ਪ੍ਰੋਗਰਾਮ ਵੀ ਸ਼ਾਮਲ ਕੀਤਾ ਜਾਏ ਜੋ ਪਲਸ ਮੰਚ ਦੇ ਪ੍ਰੋਗਰਾਮ ਵਾਂਗ ਸਾਰੀ ਰਾਤ ਚਲੇ। ਇਸ ਤਰ੍ਹਾਂ 24 ਅਤੇ 25 ਜਨਵਰੀ ਦੋਨੋਂ ਪ੍ਰੋਗਰਾਮ ਪੂਰੀ ਸਫਲਤਾ ਨਾਲ ਸਿਰੇ ਚੜ੍ਹੇ। 24 ਜਨਵਰੀ ਦਾ ਪ੍ਰੋਗਰਾਮ ਦਿਨ ਦੇ ਪੂਰੇ 12 ਵਜੇ ਸ਼ੁਰੂ ਹੋਇਆ। ਪਹਿਲਾ ਸਮਾਗਮ ਇਕ ਸਿਆਸੀ ਕਾਨਫਰੰਸ ਦਾ ਰੂਪ ਸੀ। ਕੇਂਦਰ ਦੇ ਵੱਖ ਵੱਖ ਬੁਲਾਰਿਆਂ ਨੇ ਪੰਜਾਬ ਦੇ ਮਸਲੇ ਬਾਰੇ ਅਤੇ ਭਾਰਤ ਦੇ ਸਮਾਜਕ ਵਰਤਾਰੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਹਨਾਂ ਵਿਚਾਰਾਂ ਵਿਚ ਮੁੱਖ ਧਾਰਨਾ ਇਹ ਸੀ ਕਿ ਭਾਵੇਂ ਭਾਰਤ ਸਰਕਾਰ ਸਾਰੇ ਮਸਲੇ ਉਲਝਾਉਣ ਵਿਚ ਮੁੱਖ ਦੋਸ਼ੀ ਹੈ ਪਰ ਪੰਜਾਬ ਵਿਚ ਖਾਲਿਸਤਾਨੀ ਦਹਿਸ਼ਤਗਰਦਾਂ ਦੀਆਂ ਕਾਰ-ਵਾਈਆਂ ਕਰਕੇ ਜਨਸਾਧਾਰਨ ਲਈ ਇਕ ਵਡਾ ਖ਼ਤਰਾ ਸਾਹਮਣੇ ਆਇਆ ਹੋਇਆ ਹੈ। ਲੋਕਾਂ ਨੂੰ ਇਹਨਾਂ ਦੋਵੇਂ ਸ਼ਕਤੀਆ ਬਾਰੇ ਜਾਗਰੂਪ ਕਰਕੇ ਇਹਨਾਂ ਦੇ ਵਿਰੁਧ ਲਾਮਬੰਦੀ ਕਰਨੀ ਚਾਹੀਦੀ ਹੈ। ਇਨਕਲਾਬੀ ਏਕਤਾ ਕੇਂਦਰ ਨੇ ਇਸ ਲਾਮਬੰਦੀ ਲਈ ਆਪਣੀ ਵਚਨਬੱਧੀ ਦਾ ਏਲਾਨ ਕੀਤਾ। ਉਸ ਤੋਂ ਬਾਅਦ 3-5 ਵਜੇ ਤਕ ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿਚ ਲਾਲ ਝੰਡਿਆਂ ਨਾਲ ਵਿਖਾਵਾ ਕੀਤਾ ਗਿਆ। ਮੁੱਖ ਨਾਅਰੇ 'ਸੰਨ 47 ਬਣਨ ਨਹੀਂ ਦੇਣਾ, ਪੰਜਾਬ ਨੂੰ ਅੱਗ 'ਚ ਸੜਣ ਨਹੀਂ ਦੇਣਾ।' 'ਕਤਲੋ ਗ਼ਾਰਤ ਦੇ ਜ਼ਿਮੇਂਵਾਰ-ਫਿਰਕੂ ਟੋਲੇ ਤੇ ਸਰਕਾਰ'। 3000 ਦੀ ਗਿਣਤੀ ਵਿਚ ਲੋਕ ਇਸ ਵਿਖਾਵੇ ਵਿਚ ਸ਼ਾਮਲ ਸਨ ਜਿਨ੍ਹਾਂ ਦੀ ਬਹੁਤੀ ਗਿਣਤੀ ਅੰਮ੍ਰਿਤਸਰ ਤੇ ਗੁਰਦਾਸਪੁਰ ਤੋਂ ਟਰੱਕਾਂ ਅਤੇ ਟਰਾਲੀਆਂ ਤੇ ਆਈ ਸੀ ਤੇ ਔਰਤਾਂ ਵਡੀ ਗਿਣਤੀ ਵਿਚ ਸਨ। ਕਪੂਰਥਲਾ ਦੇ ਇਲਾਕੇ ਤੋਂ, ਮੋਗੇ ਦੇ ਇਲਾਕੇ ਤੋਂ ਵੀ ਵਡੀ ਗਿਣਤੀ ਵਿਚ ਲੋਕ ਆਏ ਸਨ। ਦੂਰੋਂ ਮਾਨਸਾ, ਬਠਿੰਡਾ, ਲਹਿਰਾ ਗਾਗਾ ਦੇ ਸਾਥੀ ਵੀ ਆਏ ਸਨ। ਗੋਰਾਇਆਂ ਤੋਂ ਮਜ਼ਦੂਰ ਸਾਥੀਆਂ ਦਾ ਇਕ ਵਡਾ ਜਥਾ ਇਸ ਵਿਖਾਵੇ ਵਿਚ ਸ਼ਾਮਲ ਸੀ। ਇਨਕਲਾਬੀ ਏਕਤਾ ਕੇਂਦਰ ਦੇ ਸ਼ਾਮਲ ਗਰੁੱਪਾਂ ਨੇ ਬੜੀ ਜ਼ਿਮੇਂਵਾਰੀ ਨਾਲ ਇਸ ਸਮਾਗਮ ਨੂੰ ਸਫਲ ਬਣਾਇਆ। ਸਭਿਆਚਾਰਕ ਪ੍ਰੋਗਰਾਮ ਸਾਰੀ ਰਾਤ ਚਲਿਆ। ਇਸ ਵਿਚ ਨੌਂ ਨਾਟਕ ਬਾਦਸ਼ਾਹ ਦੀ ਕਲਮ,ਸੀਣਾ, ਇਨ੍ਹਾਂ ਦੀ ਆਵਾਜ਼, ਇਕੀਵੀਂ ਸਦੀ, ਮੰਤਰੀ ਰੁੱਝੇ ਹੋਏ ਹਨ, ਵੰਗਾਰ, ਅੱਖੀਆਂ, ਮਾਨਸਾ ਗਰੁੱਪ ਵਲੋਂ ਇਕ ਨਾਟਕ ਅਤੇ ਗੁਰਦਾਸਪੁਰ ਵਲੋਂ ਕੀਤੇ ਗਏ। ਭਦੌੜ ਸੰਗੀਤ ਮੰਡਲੀ, ਬਠਿੰਡਾ ਦੀ ਸੰਗੀਤ ਮੰਡਲੀ, ਮੁਖਤਾਰ ਜ਼ਫਰ ਅਤੇ ਲਹਿਰਾਗਾਗਾ ਦੇ ਨਾਟਕ ਗਰੁੱਪਾਂ ਵਲੋਂ ਸਮੂਹ ਗੀਤ ਪੇਸ਼ ਕੀਤੇ ਗਏ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਐਕਸ਼ਨ ਗੀਤ।

ਇਸ ਸਾਰੀ ਰਾਤ ਦੇ ਪ੍ਰੋਗਰਾਮ ਦੀ ਵਿਸ਼ੇਸ਼ਤਾ ਇਹ ਵੀ ਸੀ ਕਿ ਜਿਥੇ ਇਹ ਸਭਿਆਰਕ ਪ੍ਰੋਗਰਾਮ ਹੋਏ, ਉਥੇ ਨਾਲ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿਤੀ ਗਈ। ਵਿਸ਼ੇਸ਼ ਕਰਕੇ ਕਮਿਊਨਿਸਟ ਸ਼ਹੀਦਾਂ ਨੂੰ ਜੋ ਫਿਰਕੂ ਦਹਿਸ਼ਤ-ਗਰਦੀ ਦੇ ਸ਼ਿਕਾਰ ਹੋਏ। ਸਾਥੀ ਦਰਸ਼ਨ ਸਿੰਘ ਕੈਨੇਡੀਅਨ, ਬਲਦੇਵ ਸਿੰਘ ਮਾਨ, ਰਤਨ ਸਿੰਘ ਪਟਵਾਰੀ ਅਰਜਨ ਸਿੰਘ ਮਸਤਾਨਾ ਨੂੰ ਲਾਲ ਸਲਾਮ ਫਿਰਕੂ ਦਹਿਸ਼ਤਗਰਦੀ ਵਿਰੁਧ ਕਮਿਊਨਿਸਟਾਂ ਦੀ ਏਕਤਾ ਦਾ ਵਿਖਾਵਾ ਸੀ। ਡਾ. ਧਰਮਵੀਰ ਨੇ ਇਨਕਲਾਬੀ ਏਕਤਾ ਕੇਂਦਰ ਵਲੋਂ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਹੋਇਆਂ

ਅੱਜ ਦੀ ਸਥਿਤੀ ਵਿਚ ਕਮਿਊਨਿਸਟਾਂ ਦੇ ਫਰਜ਼ਾਂ ਬਾਰੇ ਇਕ ਪ੍ਰਭਾਵਸ਼ਾਲੀ ਤਕਰੀਰ ਕੀਤੀ। ਪਲਸ ਮੰਚ ਦਾ ਸਮਾਗਮ ਵੀ 25 ਤ੍ਰੀਖ ਸ਼ਾਮ 6 ਵਜੇ ਸ਼ੁਰੂ ਹੋਇਆ। ਪਹਿਲੀ ਰਾਤ ਦੇ ਚਾਰ ਨਾਟਕਾਂ ਤੋਂ ਸਿਵਾ ਪਹਿਲੀ ਰਾਤ ਹੋਏ ਨਾਟਕਾਂ ਨੂੰ ਦੁਹਰਾਇਆ ਗਿਆ । ਇਸ ਤੋਂ ਇਲਾਵਾ ਦੋ ਨਾਟਕ, ਇਕ 'ਜ਼ੰਜੀਰਾਂ ਤੋੜ ਦਿਓ' ਅਤੇ ਇਕ ਮੋਗਾ ਗਰੁਪ ਵਲੋਂ 'ਮਦਾਰੀ' ਹੋਰ ਕੀਤੇ ਗਏ। ਸ਼ਿਵਾਲਕ ਕਲਾ ਮੰਚ ਤਲਵਾੜਾ ਦੇ ਸਾਥੀਆਂ ਨੇ ਸਾਹਿਰ ਲੁਧਿਆਨਵੀ ਦੀ ਨਜ਼ਮ 'ਵੋਹ ਸੁਬਾਹ ਕਭੀ ਤੋ ਆਏਗੀ' ਐਕਸ਼ਨ ਗੀਤ ਵੀ ਪੇਸ਼ ਕੀਤਾ । ਪਲਸ ਮੰਚ ਦੇ ਪ੍ਰੋਗਰਾਮ ਵਿਚ ਥੋੜ੍ਹੀ ਜਿਹੀ ਬਦਮਜ਼ਗੀ ਇਸ ਗੱਲ ਤੇ ਪਈ ਕਿ ਜਿਹੜੇ ਸਾਥੀ ਸਿਕੂਰਟੀ ਡਿਊਟੀ ਤੇ ਸਨ, ਉਹ ਬਹੁਤ ਸਾਰੇ ਅਪਣੇ ਲੋਕਾਂ ਨੂੰ ਪਹਿਚਾਣਦੇ ਨਹੀਂ ਸਨ ਤੇ ਉਹਨਾਂ ਨੇ ਅੰਦਰ ਜਾਣ ਵਾਲੇ ਦਰਸ਼ਕਾਂ ਦੀ ਜਦੋਂ ਤਲਾਸ਼ੀ ਲੈਣ ਲਈ ਇਸਰਾਰ ਕੀਤਾ ਤਾਂ ਉਹਦਾ ਪ੍ਰਭਾਵ ਠੀਕ ਨਹੀਂ ਰਿਹਾ। ਭਾਵੇਂ ਸਿਕੂਰਟੀ ਜ਼ਰੂਰੀ ਹੈ ਪਰ ਇਹ ਇਸ ਤਰ੍ਹਾਂ ਕੀਤੀ ਜਾਣੀ ਚਾਹੀਦੀ ਹੈ ਕਿ ਕੋਈ ਰੋਸ ਦਾ ਕਾਰਨ ਨਾ ਬਣੇ। ਦੋਨੋਂ ਰਾਤਾਂ ਲੋਕ ਪੱਖੀ ਕਲਾਕਾਰ ਦੇ ਵਲੋਂ ਕਲਾ ਦੇ ਬੇਹਤਰੀਨ ਨਮੂਨੇ ਵੇਖਣ ਨੂੰ ਮਿਲੇ। ਨਾਟਕਾਂ ਦੀ ਪੇਸ਼ਕਾਰੀ ਦਾ ਪੱਧਰ ਬਹੁਤ ਉੱਚਾ ਸੀ। ਹਰ ਇਕ ਨਾਟਕ ਟੋਲੀ ਦੀ ਅਪਣੀ ਅਪਣੀ ਵਿਸ਼ੇਸ਼ਤਾ ਉਭਰਕੇ ਸਾਹਮਣੇ ਆਈ। ਡਾਕਟਰ ਆਤਮਜੀਤ ਦੇ ਨਾਟਕ 'ਸੀਣਾ' ਉਹਦੀ ਅਪਣੀ ਸ਼ੈਲੀ ਵਿਚ ਇਕ ਨਿਪੁੰਨਤਾ ਸੀ। ਇਨ੍ਹਾਂ ਦੀ ਆਵਾਜ਼ ਵਿਚ ਉੱਚੇ ਪੱਧਰ ਦੀ ਐਕਟਿੰਗ ਵੇਖੀ ਗਈ। 'ਜ਼ੰਜੀਰਾਂ ਤੋੜ ਦਿਓ' ਵਿਚ ਪੰਜਾਬ ਨਾਟਕ ਕਲਾ ਕੇਂਦਰ ਦੀ ਰਾਜਸੀ ਸੋਚ ਨਾਲ ਪ੍ਰਣਾਲੀ ਉੱਚੀ ਸੁਰ ਪ੍ਰਧਾਨ ਸੀ। ਕਹਾਣੀਕਾਰ ਬਲਦੇਵ ਸਿੰਘ ਵਲੋਂ ਲਿਆਂਦਾ ਗਿਆ ਨਾਟਕ 'ਮਦਾਰੀ' ਵਿਚ ਅਪਣੀ ਗੱਲ ਕਹਿਣ ਦਾ ਨਵਾਂ ਤਜਰਬਾ ਕੀਤਾ ਗਿਆ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਕੀਤੇ ਗਏ ਨਾਟਕ ਵੀ ਅਪਣੀ ਸ਼ੈਲੀ ਵਿਚ ਕੁਝ ਨਵੀਆਂ ਸਿਖਰਾਂ ਛੂਹ ਰਹੇ ਸਨ। ਨਵੇਂ ਗਰੁਪਾਂ ਵਿਚੋਂ ਚੋਹਲਾ ਸਾਹਿਬ ਦੇ ਗਰੁੱਪ ਵਲੋਂ ਕੀਤਾ ਨਾਟਕ 'ਮੰਤਰੀ ਰੁੱਝੇ ਹੋਏ ਹਨ' ਵੀ ਸਾਦਗੀ ਵਿਚ ਬਹੁਤ ਕੁਝ ਪ੍ਰਾਪਤ ਕਰ ਗਿਆ। ਇਹਨਾਂ ਪ੍ਰੋਗਰਾਮਾਂ ਦੀ ਸਫਲਤਾ ਦਾ ਸਿਹਰਾ ਪੰਜਾਬ ਦੇ ਲੋਕ ਪੱਖੀ ਦਰਸ਼ਕਾਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਦੋਨੋਂ ਰਾਤਾਂ ਵਡੀ ਗਿਣਤੀ ਵਿਚ ਸਾਰੀ ਰਾਤ ਹਾਜ਼ਰ ਰਹਿਕੇ ਕਲਾਕਾਰਾਂ ਨੂੰ ਵਡਾ ਉਤਸ਼ਾਹ ਦਿਤਾ।

ਗੁਰਸ਼ਰਨ ਸਿੰਘ

## ਪੁਸਤਕ ਪਹਿਚਾਣ

### ਆਏ ਇਨਕਲਾਬ ਕੁਰਾਹੇ ਕਿਉਂ ?

ਲੇਖਕ–ਕਿਸ਼ਨ ਸਿੰਘ (ਪ੍ਰੋ:)

ਪਹਿਚਾਨ ਕਰਤਾ : ਰਾਜਿੰਦਰ ਪਾਲ ਸਿੰਘ, ਪੰਜਾਬ ਯੂਨੀ–ਵਰਸਟੀ ਪਟਿਆਲਾ, ਲੋਕਗੀਤ ਪ੍ਰਕਾਸ਼ਨ ਸਰਹਿੰਦ, 25/–ਪੇਪਰ ਬੈਕ, 65/–ਸਜਿਲਦ

ਧਾਰਮਿਕ ਲੋਕਾਂ ਵਿਚ ਆਪਣੀਆਂ ਕਿਤਾਬਾਂ/ਵਿਸ਼ਵਾਸਾਂ ਪ੍ਰਤੀ ਅੰਨੀ ਸ਼ਰਧਾ ਹੁੰਦੀ ਹੈ, ਜਦੋਂ ਕਿ ਵਿਗਿਆਨਕ ਸੋਚ ਦੇ ਧਾਰਨੀ ਲੋਕ ਨਿਤ ਨਵੀਂ ਖੋਜ ਵਿਚ ਲੱਗੇ ਰਹਿੰਦੇ ਹਨ ਅਤੇ ਇਸ ਖੋਜ ਦੀ ਰੋਸ਼ਨੀ ਵਿਚ ਆਪਣੇ ਪੁਰਾਣੇ ਗ਼ਲਤ ਸੰਕਲਪਾਂ/ਸਿਧਾਤਾਂ ਨੂੰ ਸੋਧਦੇ ਰਹਿੰਦੇ ਹਨ। ਮਾਰਕਸਵਾਦੀ ਵਿਚਾਰਧਾਰਾ ਵਿਗਿਆਨਕ ਹੋਣ ਕਰਕੇ ਸਦਾ ਵਿਕਾਸ ਵਿਚ ਰਹੀ ਹੈ। ਪਰ ਕੁਝ ਕੱਟੜ ਕਿਸਮ ਦੇ ਲੋਕ ਨਾ ਤਾਂ ਮਾਰਕਸਵਾਦੀ ਦਰਸ਼ਨ ਵਿਚ ਕੋਈ ਘਾਟ ਮੰਨਦੇ ਹਨ ਅਤੇ ਨਾ ਹੀ ਇਸ ਵਿਚ ਵਿਕਾਸ ਦੀ ਸੰਭਾਵਨਾ ਵੇਖਦੇ ਹਨ। ਅੰਤਰਰਾਸ਼ਟਰੀ ਮੰਚ ਤੇ ਪਿਛਲੇ ਦਹਾਕਿਆਂ 'ਚ ਘਟੀਆਂ ਘਟਨਾਵਾਂ ਨੇ ਮਾਰਕਸ–ਵਾਦੀ ਦਰਸ਼ਨ ਅਤੇ ਇਸਦੇ ਅਮਲ ਸਾਹਮਣੇ ਕੁਝ ਪ੍ਰਸ਼ਨ ਚਿੰਨ ਲਾਏ ਹਨ। ਇਨ੍ਹਾਂ ਘਟਨਾਵਾਂ ਵਿਚ ਪ੍ਰਮੁਖ ਆਏ ਇਨਕਲਾਬਾਂ ਦਾ ਕੁਰਾਹੇ ਪੈ ਜਾਣਾ ਹੈ।

ਸਮੀਖਿਆ ਅਧੀਨ ਪੁਸਤਕ ਦਾ ਲੇਖਕ ਕਮਊ–ਨਿਸਟਾਂ ਦੀ ਉਸ ਧਿਰ ਨਾਲ ਸਹਿਮਤ ਹੈ, ਜਿਨ੍ਹਾਂ ਅਨੁਸਾਰ ਰੂਸ ਅਤੇ ਚੀਨ ਇਸ ਧਰਤੀ ਦੇ ਸਵਰਗ ਨਹੀਂ, ਸਗੋਂ ਉਥੇ ਆਏ ਇਨਕਲਾਬ ਕੁਰਾਹੇ ਪੈ ਚੁੱਕੇ ਹਨ। ਉਹ 'ਆਏ ਇਨਕਲਾਬ ਕੁਰਾਹੇ ਕਿਉਂ ?' ਦੇ ਮਸਲੇ ਨੂੰ ਇਸੇ ਨਾਮ ਦੀ ਕਿਤਾਬ ਵਿਚ ਮੁਖਾਤਿਬ ਹੈ। ਸਭ ਤੋਂ ਪਹਿਲਾ ਤਾਂ ਅਸੀਂ ਮਸਲੇ ਦੀ ਗੰਭੀਰਤਾ ਨੂੰ ਸਮਝੀਏ ਤਾਂ ਹੀ ਅਸੀਂ ਇਸ ਕਿਤਾਬ ਦੇ ਪ੍ਰਯੋਜਨ ਪੂਰਤੀ ਦੀ ਸਫਲਤਾ ਨੂੰ ਵਾਚ ਸਕਾਂਗੇ। ਸਾਡੇ ਦੇਸ਼ ਵਿਚ ਭਾਵੇਂ ਇਨਕਲਾਬ ਹਾਲੇ ਭਵਿਖ ਦੀ ਗੱਲ ਹੈ, ਪਰ ਆਏ ਇਨਕਲਾਬਾਂ ਦੇ ਕੁਰਾਹੇ ਪੈ ਜਾਣ ਦੇ ਕਾਰਨ ਜਾਨਣਾ, ਤਤਕਾਲੀ ਲੋੜ ਹੈ। ਅਜੇਹਾ ਇਸ ਕਰਕੇ ਜ਼ਰੂਰੀ ਨਹੀਂ ਕਿ ਅਸੀਂ ਇਨਕਲਾਬ ਆਉਣ ਤੇ ਗ਼ਲਤੀਆ ਤੋਂ ਬਚਣਾ ਹੈ, ਸਗੋਂ ਮਾਰਕਸਵਾਦੀ ਦਰਸ਼ਕ ਪ੍ਰਤੀ 'ਆਏ ਇਨਕਲਾਬਾਂ ਦੇ ਕੁਰਾਹੇ ਪੈ ਜਾਣ' ਕਾਰਣ ਉਪਜੀ ਬੇ–ਵਿਸ਼ਵਾਸੀ ਖਤਮ ਕਰਨ ਲਈ ਵੀ ਜ਼ਰੂਰੀ ਹੈ।

ਆਏ ਇਨਕਲਾਬਾਂ ਦੇ ਕੁਰਾਹੇ ਪੈ ਜਾਣ ਦੇ ਕਿਸ਼ਨ ਸਿੰਘ ਨੇ ਜੋ ਕਾਰਨ ਦੱਸੇ ਹਨ ਉਨ੍ਹਾਂ ਵਿਚੋਂ ਸਭ ਕਾਰਨਾਂ ਨੂੰ ਕਲੇਵਰ ਵਿਚ ਲੈਂਦਾ ਕਾਰਣ ਹੈ, 'ਨੀਂਹ

ਅਤੇ ਉਸਾਰ ਦੇ ਰਿਸ਼ਤੇ' ਨੂੰ ਠੀਕ ਤਰ੍ਹਾਂ ਨਾ ਸਮਝ ਸਕਣਾ ਹੈ। ਇਸੇ ਕਰਕੇ ਕਮਿਊਨਿਸਟ ਲੀਡਰ ਇਨਕਲਾਬ ਕਰਕੇ ਬੁਰਜੂਆਜ਼ੀ ਨੂੰ ਰਾਜਸੀ ਅਤੇ ਫੌਜੀ ਖੇਤਰ ਵਿਚ ਹਰਾਉਣ ਤੱਕ ਹੀ ਸੀਮਤ ਰਹੇ। "ਕੰਮ ਦੀ ਵੰਡ ਤੇ ਪੈਦਾਵਾਰ ਰਿਸ਼ਤੇ ਪਹਿਲੇ ਹੀ ਰਹੇ–ਬੁਰਜੂਆ ਹੀ ਰਹੇ।" ਇਸਦਾ ਲਾਜ਼ਮੀ ਸਿੱਟਾ ਉਲਟ ਇਨਕਲਾਬ ਨਿਕਲਣਾ ਸੀ। ਕ੍ਰਿਸ਼ਨ ਸਿੰਘ ਅਨੁਸਾਰ ਲੈਨਿਨ ਭੁਲੇਖੇ ਵਿਚ ਸੀ, ਜਦੋਂ ਉਹ ਸਮਝਦਾ ਸੀ ਕਿ 'ਸਮਾਜਵਾਦ ਸਿਰਫ ਅਜਾਰੇਦਾਰੀ ਦੀ ਸਟੇਜ ਦੀ ਸਟੇਟ ਸਰਮਾਏਦਾਰੀ ਦਾ ਹੀ ਅਗਲਾ ਕਦਮ ਹੈ'। ਭਾਵ ਸਟੇਟ ਸਰਮਾਏਦਾਰੀ ਨੂੰ ਸਭ ਵਸੋਂ ਦੇ ਹਿੱਤ ਵਿਚ ਸੇਵਾ ਵਾਸਤੇ ਲਾਇਆ ਜਾਣਾ ਹੀ ਇਨਕਲਾਬ ਹੈ। ਕ੍ਰਿਸ਼ਨ ਸਿੰਘ ਜ਼ੋਰ ਦਿੰਦਾ ਹੈ ਕਿ 'ਸਟੇਟ ਤੇ ਰਾਜ-ਪ੍ਰਬੰਧ ਵਾਂਗ ਆਰਥਕ ਅਡੰਬਰ ਪੈਦਾਵਾਰ ਦਾ ਅਡੰਬਰ ਵੀ ਨਿਰਪੱਖ ਨਹੀਂ ਹੁੰਦਾ।'

ਸਮੁੱਚੇ ਰੂਪ ਵਿਚ ਕ੍ਰਿਸ਼ਨ ਸਿੰਘ ਮਾਰਕਸਵਾਦ ਦੇ ਬੁਨਿਆਦੀ ਨੁਕਤੇ ਕਿ ਇਨਕਲਾਬ ਤੋਂ ਬਾਦ ਵੀ ਜਮਾਤਾਂ ਵਿਚ ਜਦੋ-ਜਹਿਦ ਚਲਦੀ ਰਹਿੰਦੀ ਹੈ, ਤੇ ਕੇਂਦਰਤ ਰਹਿੰਦਾ ਹੈ। ਬੁਰਜੂਆਜ਼ੀ ਰਾਜਸੀ, ਸਿਆਸੀ ਅਤੇ ਇਥੋਂ ਤੱਕ ਕਿ ਆਰਥਕ ਖੇਤਰ ਵਿਚ ਹਾਰਕੇ ਵੀ ਵਿਚਾਰਧਾਰਕ ਲੜਾਈ ਲੜਦੀ ਹੈ। ਇਸ ਪ੍ਰਕਾਰ ਉਹ ਪ੍ਰੋਲਤਾਰੀ ਦੀ ਲੀਡਰਸ਼ਿਪ ਨੂੰ ਵਿਚਾਰਧਾਰਕ ਤੌਰ ਤੇ ਗੁਲਾਮ ਬਣਾਕੇ ਉਲਟ ਇਨਕਲਾਬ ਕਰ ਦਿੰਦੀ ਹੈ। ਸਟਾਲਿਨ ਨੇ ਜਮਾਤਾਂ ਦੇ ਖਾਤਮੇ ਦਾ ਐਲਾਨ ਕਰਕੇ ਬੁਰਜੂਆਜ਼ੀ ਵਿਰੁਧ ਇਕ ਤਰਫਾ ਜੰਗਬੰਦੀ ਦਾ ਗ਼ਲਤ ਫੈਸਲ ਲਿਆ ਤੇ ਇਸਦੇ ਫਲਸਰੂਪ ਬੁਰਜੂਆ ਵਿਚਾਰਾਂ ਨੇ ਹੱਲਾ ਮਾਰਕੇ ਪ੍ਰੋਲਤਾਰੀ ਪੈਂਤੜਾ ਹਰਾ ਦਿਤਾ। ਕ੍ਰਿਸ਼ਨ ਸਿੰਘ ਅਨੁਸਾਰ ਇਹ ਬੁਰਜੂਆਜ਼ੀ ਦੀ ਵਿਚਾਰ-ਧਾਰਾ ਹੀ ਹੈ ਜਿਹੜੀ ਕਊਮਨਿਸਟ ਦੇਸ਼ ਦੇ ਕਾਮਰੇਡਾਂ ਨੂੰ 'ਸਾਥੀ' ਤੋਂ ਅਫਸਰ ਬਣਾ ਦਿੰਦੀ ਹੈ।

ਇਹਨਾਂ ਕਾਰਨਾਂ ਤੋਂ ਬਚਣ ਲਈ ਉਸਨੇ ਬੁਰਜੂਆ ਪੈਂਤੜੇ ਵਿਰੁਧ ਲਗਾਤਾਰ ਬੇਕਿਰਕ ਪ੍ਰੋਲਤਾਰੀ ਪੈਂਤੜੇ ਤੋਂ ਜਮਾਤੀ ਜਦੋ-ਜਹਿਦ ਦੀ ਵਕਾਲਤ ਕੀਤੀ ਹੈ। ਉਸਨੇ ਮਾਓ ਦੇ ਕਲਚਰਲ ਇਨਕਲਾਬ ਦੀ ਅਹਿਮੀਅਤ ਤੇ ਜ਼ੋਰ ਦਿਤਾ ਹੈ। ਪਰ ਮਾਓ ਤੋਂ ਬਾਦ ਚੀਨ ਵਿਚ ਉਲਟ ਇਨਕਲਾਬ ਕਿਉਂ ਹੋ ਗਿਆ ? ਇਸਦਾ ਉੱਤਰ ਆਪਣੇ ਆਪ ਸੁਝਦਾ ਹੈ ਕਿ ਸਭਿਆਚਰਕ ਇਨਕਲਾਬ ਨੂੰ ਸਾਰੀ ਕਿਮਊਨਿਸਟ ਲੀਡਰਸ਼ਿਪ ਨੇ ਨਹੀਂ ਅਪਣਾ-ਇਆ, ਅਤੇ ਨਾ ਹੀ ਇਹ ਲੰਮਾ ਸਮਾਂ ਚਲ ਸਕਿਆ। ਜੇ 'ਚੀਨ ਦਾ ਸਭਿਆਚਰਕ' ਇਨਕਲਾਬ ਸਿਰੇ ਚੜ੍ਹ ਜਾਂਦਾ ਤਾਂ ਸ਼ਾਇਦ ਅੱਜ 'ਚੀਨ ਦੇ ਜਮਹੂਰੀਅਤ ਪਸੰਦਾਂ' ਦੀਆਂ ਖਬਰਾਂ ਪੜ੍ਹਨ ਨੂੰ ਨਾ ਮਿਲਦੀਆਂ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਪੁਸਤਕ ਵਿਚ ਕ੍ਰਿਸ਼ਨ ਸਿੰਘ ਨੇ ਮਾਰਕਸਵਾਦੀ ਦਰਸ਼ਨ ਨੂੰ ਠੀਕ ਸਿਧ ਕਰਦਿਆਂ, ਇਸਦੇ ਅਮਲਾਂ ਵਿਚ ਰਹਿ ਗਏ ਨੁਕਸਾਂ ਵੱਲ ਧਿਆਨ ਦੁਆਇਆ ਹੈ। ਇਨ੍ਹਾਂ ਘਾਟਾਂ ਕਮਜ਼ੋਰੀਆਂ ਵੱਲ ਦਿਆਨਤਦਾਰੀ ਨਾਲ ਸੋਚਣਾ ਸਾਰੇ ਸੁਹਿਰਦ ਮਾਰਕਸਵਾਦੀਆਂ ਲਈ ਜ਼ਰੂਰੀ ਹੈ। ਮਾਰਕਸਵਾਦ ਨਾਲ ਲਗਾਓ ਰੱਖਣ ਵਾਲੇ ਹਰ ਬੰਦੇ ਨੂੰ ਇਹ ਪੁਸਤਕ ਕੇਵਲ ਪੜ੍ਹਨੀ ਨਹੀਂ ਚਾਹੀਦੀ ਸਗੋਂ ਪ੍ਰਗਟਾਏ ਵਿਚਾਰਾਂ ਨੂੰ ਸੱਚ ਦੀ ਕਸੌਟੀ ਤੇ ਪਰਖਣਾ ਚਾਹੀਦਾ ਹੈ। /ਰਾਜਿੰਦਰ

---

ਹਮ ਨਹੀਂ ਚਾਹਤੇ ਖਾਲਿਸਤਾਨ, ਹਮ ਕੋ ਭੂਲਾ ਨਹੀਂ ਈਰਾਨ

## ਅਮਰੀਕਾ ਵਿਚ ਹਕੂਮਤੀ ਦਹਿਸ਼ਤਗਰਦੀ ਅਤੇ ਫਿਰਕਾਪ੍ਰਸਤੀ ਵਿਰੁੱਧ ਮੁਜ਼ਾਹਰਾ

1987 ਦੇ ਪਹਿਲੇ ਐਤਵਾਰ ਕੈਲੀਫੋਰਨੀਆਂ ਦੇ ਸ਼ਹਿਰ ਸਨ ਫਰਾਂਸਿਸਕੋ ਵਿਚ ANTI '47 FRONT ਵਲੋਂ ਇਕ ਪ੍ਰਭਾਵਸ਼ਾਲੀ ਮੁਜ਼ਾਹਰਾ ਕੀਤਾ ਗਿਆ। ਸਰਕਾਰ ਦੇ ਜਬਰ ਅਤੇ ਖਾਲਿਸਤਾਨੀਆਂ ਦੇ ਫਾਸ਼ੀ ਬੁੱਚੜਪੁਣੇ ਵਿਰੁੱਧ ਇਸ ਮੁਜ਼ਾਹਰੇ ਵਿਚ ਕੈਲੀਫੋਰਨੀਆਂ ਦੇ ਵੱਖ ਵੱਖ ਸ਼ਹਿਰਾਂ ਤੋਂ 150 ਤੋਂ ਵੱਧ ਪੰਜਾਬੀ ਇਸਤ੍ਰੀਆਂ ਮਰਦ ਸ਼ਾਮਲ ਹੋਏ। ਖਾਲਿਸਤਾਨੀਆਂ ਅਤੇ ਉਨ੍ਹਾਂ ਪੱਖੀ ਪ੍ਰੈਸ ਦੇ ਗੁੰਮਰਾਹਕੁਨ ਪ੍ਰਚਾਰ ਵਿਦੇਸ਼ੀ ਪੰਜਾਬੀਆਂ ਦੀ ਆਮ ਕਰਕੇ ਉਲਾਰ ਸਥਿਤੀ ਕਾਰਨ ਇਹ ਮੁਜ਼ਾਹਰਾ ਅਨੇਕਾਂ ਪੱਖਾਂ ਤੋਂ ਵਿਸ਼ੇਸ਼ ਮਹੱਤਤਾ ਦਾ ਲਖਾਇਕ ਸੀ। ਇਸੇ ਕਰਕੇ ਅੰਤਰਰਾਸ਼ਟਰੀ ਪ੍ਰੈਸ ਅਤੇ ਸਥਾਨਕ ਟੀ. ਵੀ. ਆਦਿ ਪ੍ਰਸਾਰ ਸਾਧਨਾਂ ਨੇ ਇਸ ਨੂੰ ਖਾਸ ਤੌਰ ਤੇ ਨੋਟ ਕੀਤਾ।

ਇਸ ਪ੍ਰਦਰਸ਼ਨ ਵਿਚ ਲਾਏ ਗਏ ਰੋਹ ਭਰਪੂਰ ਨਾਹਰਿਆਂ ਵਿਚੋਂ ਕੁਝ ਇਸ ਤਰ੍ਹਾਂ ਸਨ।

"ਖਾਲਿਸਤਾਨੀ ਕਾਂਗਰਸ ਕੁੱਛੜ, ਉਹ ਵੀ ਬੁੱਚੜ ਉਹ ਵੀ ਬੁੱਚੜ"

"ਹਿੰਦੂ ਮੁਸਲਮ ਸਿੱਖਾਂ ਵਿਚ ਕੋਈ ਵੈਰ ਨਹੀਂ, ਜਿਹੜਾ ਵੀ ਫੁੱਟ ਪਾਵੇ ਉਸ ਦੀ ਖ਼ੈਰ ਨਹੀਂ"

"ਹਮ ਨਹੀਂ ਚਾਹਤੇ ਖਾਲਿਸਤਾਨ, ਹਮ ਕੋ ਭੂਲਾ ਨਹੀਂ ਈਰਾਨ"

"ਕਬਰਸਤਾਨ ਜਾਂ ਖਾਲਿਸਤਾਨ, ਜੀਂਦੇ ਜੀ ਕਿਸ ਨੂੰ ਪ੍ਰਵਾਨ"

"ਕਾਂਗਰਸ ਦੀ ਫ਼ਿਰਕੂ ਸਰਕਾਰ-ਮੁਰਦਾਬਾਦ,

ਭਾਰਤੀ ਲੋਕਾਂ ਦਾ ਏਕਤਾ ਜ਼ਿੰਦਾਬਾਦ"

ਇਸੇ ਤਰ੍ਹਾਂ ਮੁਜ਼ਾਹਰਾਕਾਰੀਆਂ ਦੇ ਹੱਥਾਂ ਵਿਚ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਭਾਵ ਪੂਰਤ ਮਾਟੋ ਚੁੱਕੇ ਹੋਏ ਸਨ ਜੋ ਭਾਰਤੀ ਅਤੇ ਵਿਦੇਸ਼ੀ ਲੋਕਾਂ, ਵਿਦਿਆਰਥੀਆਂ ਅਤੇ ਪ੍ਰੈਸ ਵਾਲਿਆਂ ਲਈ ਉਤਸੁਕਤਾ ਤੇ ਦਿਲਚਸਪੀ ਦਾ ਕੇਂਦਰ ਬਣ ਰਹੇ ਸਨ। ਗਦਰ ਪਾਰਟੀ ਦੀਆਂ ਜਮਹੂਰੀ ਰਵਾਇਤਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਇਹ ਪ੍ਰਦਰਸ਼ਨ 'ਗਦਰ ਮੈਮੋਰੀਅਲ ਹਾਲ' (ਜੁਗਾਂਤਰ ਆਸ਼ਰਮ) ਤੋਂ ਸ਼ੁਰੂ ਹੋਇਆ ਅਤੇ ਪੌਣੇ ਦੋ ਮੀਲ ਚੱਲ ਕੇ ਭਾਰਤੀ ਕੌਂਸਲੇਟ ਦੇ ਦਫ਼ਤਰ ਤੱਕ ਗਿਆ। ਜਿਥੇ ਤਕਰੀਰਾਂ ਰਾਹੀਂ ਫ੍ਰੰਟ ਦੇ ਬੁਲਾਰਿਆਂ ਪ੍ਰੋ: ਸਵਰਨ ਕੌਰ ਗਿੱਲ ਅਤੇ ਪ੍ਰੋ: ਸੁਖਵਿੰਦਰ ਸਿੰਘ ਕੰਬੋਜ ਨੇ ਭਾਰਤ ਸਰਕਾਰ ਦੇ ਫਿਰਕੂ ਖਾਸੇ ਨੂੰ ਅਤੇ ਖਾਲਿਸਤਾਨੀ ਲਹਿਰ ਪਿਛੇ ਕੰਮ ਕਰਦੇ ਫਾਸ਼ੀ ਰੁਝਾਨਾਂ ਅਤੇ ਘ੍ਰਿਣਤ ਉਦੇਸ਼ਾਂ ਨੂੰ ਨੰਗਿਆਂ ਕੀਤਾ। ਫ੍ਰੰਟ ਦੇ ਉਦੇਸ਼ਾਂ ਅਤੇ ਵਰਤਮਾਨ ਸਥਿਤੀ ਲਈ ਜ਼ੁੰਮੇਂਵਾਰ ਧਿਰਾਂ ਦੀ ਨਿਸ਼ਾਨਦੇਹੀ ਕਰਦਾ ਸਾਹਿਤ ਵੀ ਵੰਡਿਆ ਗਿਆ।

ਇਸ ਮੁਜ਼ਾਹਰੇ ਨੇ ਕੌਂਸਲੇਟ ਅਧਿਕਾਰੀਆਂ ਨੂੰ ਕੋਈ ਮੰਗ ਪੱਤਰ ਪੇਸ਼ ਕਰਨ ਤੋਂ ਨਾਂਹ ਕਰ ਦਿਤੀ ਕਿਉਂਕਿ ANTI '47 FRONT ਭਾਰਤ ਸਰਕਾਰ ਨੂੰ ਹੀ ਅਜੋਕੀ ਖੂਨ ਖਰਾਬੇ ਦੀ ਸਥਿਤੀ ਲਈ ਜ਼ੁੰਮੇਂਵਾਰ ਸਮਝਦਾ ਹੈ। ਆਗੂਆਂ ਦਾ ਕਹਿਣਾ ਸੀ ਕਿ ਦੋਸ਼ੀਆਂ ਕੋਲ ਮੰਗਾਂ ਕਰਨ ਦਾ ਕੋਈ ਅਰਥ ਨਹੀਂ। o

---

ਕਵਿਤਾ : **ਮਨਜੀਤ ਕਾਦਰ**

## ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਧਰਮ

ਧਰਮ–ਜਿਹੜਾ ਕਿ ਅੱਜ ਕੱਲ
ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ–
ਮਾਸੂਮਾਂ 'ਤੇ ਬੇ ਗੁਨਾਹਾਂ ਦੀਆਂ ਜਾਨਾਂ ਨਾਲ ਖੇਡਦਾ ਹੈ
ਬੱਸਾਂ ਲਾਰੀਆਂ ਵਿਚੋਂ ਆਪਣੇ ਧਾਰਮਿਕ–
ਦੁਸ਼ਮਣਾਂ ਨੂੰ ਤਲਾਸ਼ਦਾ ਹੈ
ਦਿਨ–ਦਿਹਾੜੇ ਡਾਕੇ ਧਾੜੇ ਮਾਰਦਾ ਹੈ
ਬੋਲਣ ਵਾਲਿਆਂ ਨੂੰ ਚੁੱਪ ਰਹਿਣ ਦੀਆਂ ਹਦਾਇਤਾਂ ਦੇਂਦਾ ਹੈ
ਮਾਹੌਲ 'ਤੇ ਜੰਗਲ ਦਾ ਰੰਗ ਚਾੜ੍ਹਦਾ ਹੈ
ਹਿੰਸਾ 'ਤੇ ਉਤਾਰੂ–ਹਜੂਮ ਦੀ ਸ਼ਕਲ ਅਖ਼ਤਿਆਰ ਕਰਦਾ ਹੈ
ਤਾਂ ਸ਼ਹਿਰਾਂ–ਕਸਬਿਆਂ 'ਤੇ ਬਜ਼ਾਰਾਂ ਨੂੰ
ਅੱਗ ਦੀਆਂ ਲਪਟਾਂ ਵਿਚ ਬਦਲਦਾ ਹੈ।
ਧਰਮ–ਜਿਹੜਾ ਕਿ ਅੱਜ–ਕੱਲ ਬੰਦੂਕ ਦੀ
ਨਾਲੀ ਵਿਚੋਂ ਨਿਕਲਦਾ ਹੈ–
ਫਿਜ਼ਾ ਦੇ ਸਾਹਾਂ 'ਚ ਬਾਰੂਦ ਭਰਦਾ ਹੈ
ਬੋਲਾਂ 'ਚ ਅੱਗ ਉਗਲਦਾ ਹੈ
ਵੱਸਦੇ–ਘਰਾਂ ਦੀ ਰੌਣਕ ਨੂੰ ਮਾਤਮੀ ਹਨੇਰਿਆਂ 'ਚ ਡੋਬਦਾ ਹੈ
ਰਾਹਾਂ–ਗਲੀਆਂ 'ਚ ਘਟਨਾਵਾਂ ਦੇ ਜਾਲ ਬੁਣਦਾ ਹੈ
'ਤੇ ਰਾਹਗੀਰਾਂ ਦੇ ਚਿਹਰਿਆਂ 'ਤੇ
ਸਹਿਮ ਦੀ ਇਬਾਰਤ ਖੁਣਦਾ ਹੈ।
ਧਰਮ–ਜਿਹੜਾ ਕਿ ਅੱਜ–ਕੱਲ
ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ–
ਬੜਾ ਹੀ ਜਾਬਰ ਹੈ–ਨਿਰਦਈ ਹੈ
ਸੁਹਾਗਣਾਂ ਕੋਲੋਂ ਸੁਹਾਗ ਖੋਹਦਾ ਹੈ
ਭੈਣਾਂ ਕੋਲੋਂ ਵੀਰ
ਮਾਸੂਮ ਬੱਚਿਆਂ ਨੂੰ ਯਤਾਮਤ ਬਖ਼ਸ਼ਦਾ ਹੈ
'ਤੇ ਬੁੱਢੇ–ਮਾਪਿਆਂ ਦੀਆਂ ਡੰਗੋਰੀਆਂ ਭੰਨਦਾ ਹੈ।
ਧਰਮ–ਜਿਹੜਾ ਕਿ ਅੱਜ ਕੱਲ੍ਹ
ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ–
ਆਪਣੇ ਖਾਲਸ ਅਰਥਾਂ ਨੂੰ ਤਿਲਾਂਜਲੀ ਦੇ ਚੁੱਕਾ ਹੈ
ਹੁਣ ਇਹ ਸਰਬੱਤ ਦੇ ਭਲੇ ਦੀ ਥਾਂ
'ਕੁਝ–ਬੰਦੂਕ–ਧਾਰੀਆਂ' ਦਾ ਭਲਾ ਮੰਗਦਾ ਹੈ
'ਤੇ ਬਾਕੀਆਂ ਨੂੰ ਨਾਗ ਬਣ ਡੰਗਦਾ ਹੈ।
ਜਗਮਗਾਂਦੇ–ਚਾਨਣ ਨੂੰ ਦੁਸ਼ਮਣ ਵਾਂਗੂ ਮੰਨਦਾ ਹੈ।
'ਤੇ ਜਗਦੀਆਂ–ਅੱਖਾਂ 'ਤੇ ਹਨੇਰੇ ਦੀਆਂ ਪੱਟੀਆਂ ਬੰਨ੍ਹਦਾ ਹੈ
ਧਰਮ–ਜਿਹੜਾ ਕਿ ਅੱਜ–ਕੱਲ੍ਹ
ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ–
ਅੱਤ–ਦਰਜੇ ਤੱਕ ਖਤਰਨਾਕ ਹੈ
ਇਹਦਾ ਹਰ ਇਰਾਦਾ ਨਾਪਾਕ ਹੈ
ਭੋਲੇ–ਭਾਲੇ ਲੋਕ ਇਹਦੀ ਰੋਜ਼ ਦੀ ਖੁਰਾਕ ਹੈ
ਇਨਸਾਨੀਅਤ ਦੇ ਨਾਲ ਇਹਦਾ ਹੈਵਾਨੀਅਤ ਦਾ ਸਾਕ ਹੈ
ਧਰਮ–ਜਿਹੜਾ ਕਿ ਅੱਜ ਕੱਲ੍ਹ
ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ।
o

## ਭਗਤ ਸਿੰਘ ਦੀ ਵਾਰ

**ਬਲਬੀਰ ਪਰਵਾਨਾ**

ਇਹ ਆਦਿ ਨਹੀਂ, ਨਾ ਅੰਤ ਹੈ
ਮਾਨਵ ਜਾਤੀ ਦੇ ਜੁਝਾਰ ਇਤਿਹਾਸ ਦਾ
ਇਹ ਤਾਂ ਇਕ ਪੱਤਰਾ ਹੈ
ਇਹ ਤਾਂ ਇਕ ਪੜਾਅ ਹੈ
ਜ਼ਿੰਦਗੀ ਨੂੰ ਜਾਂਦੀ ਸੜਕ ਦਾ
ਭਗਤ ਸਿੰਘ !
ਹਾਂ, ਇਕ ਨਾਂ ਵੀ ਹੈ
ਇਕ ਸੋਚ ਦਾ ਚਿੰਨ੍ਹ ਵੀ ਹੈ

ਜਾਬਰਾਂ ਨੂੰ ਇਕ ਵੰਗਾਰ ਵੀ ਹੈ
ਲੋਕ-ਆਵਾਜ਼ ਕਦੀ ਦਬਾਈ ਨਹੀਂ ਜਾ ਸਕਦੀ
ਕੁਚਲੀ ਨਹੀਂ ਜਾ ਸਕਦੀ
ਲਤਾੜੀ ਨਹੀਂ ਜਾ ਸਕਦੀ
ਜੇਲ੍ਹ ਦੀਆਂ ਉਚੀਆਂ ਕੰਧਾਂ 'ਚ—
ਚੌਨੁਕਰੀਆਂ ਸੀਖਾਂ ਦੇ ਪਿਛਵਾੜੇ ਫ਼ਾਂਸੀ 'ਤੇ
ਚਾੜ੍ਹੀ ਨਹੀਂ ਜਾ ਸਕਦੀ
ਭਗਤ ਸਿੰਘ ਮਰਦੇ ਨਹੀਂ ਹੁੰਦੇ
ਜਦੋਂ ਵੀ ਕਿਤੇ ਗੱਲ ਚਲਦੀ ਹੈ
ਭੁਖੇ ਹੱਥ ਰੋਟੀ ਲਈ ਉਤਾਂਹ ਉਠਦੇ ਹਨ
ਪੜ੍ਹਨ ਗਿਆ ਪੁੱਤ ਗੋਲੀ ਦਾ ਸ਼ਿਕਾਰ ਬਣਦਾ ਹੈ
ਜਾਗਦੀ ਜ਼ਮੀਰ ਨੇ ਸਬਕ ਸਿਖਾਉਣ ਲਈ
ਹਕੂਮਤ ਕਹਿਰ ਢਾਹੁੰਦੀ ਹੈ
ਕਿਸੇ ਥਾਣੇ 'ਚ ਕਤਲ ਕਰਕੇ
ਪੁਲੀਸ ਮੁਕਾਬਲਾ ਬਣਦਾ ਹੈ
ਤਾਂ ਭਗਤ ਸਿੰਘ ਜ਼ੋਰ ਨਾਲ ਹਸਦਾ ਹੈ
—ਭਲਾ ਕਿੰਨੇ ਕੁ ਮਾਰ ਲਵੋਗੇ ?
ਭਲਾ ਕਿੰਨੇ ਕੁ ਖਪਾ ਦਿਓਗੇ ?
ਸਾਡੀ ਤਾਂ ਕਤਾਰ ਬਹੁਤ ਲੰਬੀ ਹੈ
ਮੈਂ ਆਦਿ ਕਾਲ ਤੋਂ ਜੂਝਦਾ ਆਇਆ ਹਾਂ
ਮੈਂ ਇਕ ਨਹੀਂ ਲੋਕਾਂ ਦਾ ਜਾਇਆ ਹਾਂ
ਭਗਤ ਸਿੰਘ ! ਭੁਖੇ ਢਿੱਡ ਦਾ ਰੋਟੀ ਲਈ ਲਿਆ ਸੁਪਨਾ ਹੈ
ਮੰਡੀ 'ਚ ਲੁੱਟੇ ਜੱਟ ਦੇ ਰੋਹ ਦੀ ਅੰਗੜਾਈ ਹੈ
ਅਣਵਿਆਹੀ ਕੁੜੀ ਦੇ ਬਾਪ ਦੀ
ਗੁੱਸੇ ਨਾਲ ਭਰੀ ਆਹ ਹੈ
ਉਜੜ ਰਹੇ ਖੇਤਾਂ 'ਚੋਂ ਉੱਭਰ ਰਹੀ
ਬਗਾਵਤ ਹੈ
ਕਾਰਖਾਨਿਆਂ 'ਚ ਭੜਕ ਰਹੀ
ਨਫ਼ਰਤ ਦੀ ਚੰਗਿਆੜੀ ਹੈ
ਕਲਮਾਂ ਦੀ ਨੋਕ 'ਚ ਭਰ ਗਈ ਅੱਗ ਦਾ ਨਾਂ ਹੈ
ਹਾਂ—ਭਗਤ ਸਿੰਘ ਮਹਿਜ਼ ਇਕ ਨਾਂ ਨਹੀਂ
ਇਕ ਪ੍ਰਤੀਕ ਹੈ
ਰੋਟੀ ਦਾ ।
ਬਗਾਵਤ ਦਾ !!
ਸੁਲਗ ਰਹੇ ਸੁਪਨਿਆਂ ਦਾ !!!

ਭਗਤ ਸਿੰਘ ਕਦੇ ਮੁਕਦੇ ਨਹੀਂ ਹੁੰਦੇ
ਸਤਲੁਜ ਰੋੜ੍ਹ ਨਹੀਂ ਸਕਦੇ
ਕਾਲ ਕੋਠੜੀ 'ਚ ਕਿਸੇ ਮੰਤਵ ਲਈ
ਜਿਬਾਹ ਹੋਇਆ ਸੱਚ
ਲੋਕਾਂ ਦੇ ਦਿਲਾਂ 'ਚ ਜੀਊ ਪੈਂਦਾ ਹੈ
ਸੈਂਕੜਿਆਂ ਨੂੰ ਉਹਨਾਂ ਰਾਹਾਂ 'ਤੇ ਤੋਰ ਦੇਂਦਾ ਹੈ
ਆਦਿ ਤੋਂ ਤੁਰੇ ਆਉਂਦੇ ਜਾਬਰੋ !
ਭਗਤ ਸਿੰਘ ਤੁਹਾਡੇ ਰੂਬਰੂ ਜੂਝ ਰਿਹਾ ਹੈ
ਮਾਰੋ ! ਭਲਾ ਕਿੰਨੇ ਕੁ ਮਾਰ ਲੈਂਦੇ ਹੋ
ਭਲਾ ਕਿੰਨਿਆਂ ਨੂੰ ਫ਼ਾਂਸੀ ਚਾੜ੍ਹ ਲੈਂਦੇ ਹੋ
o

---

ਕਾਵਿਨਾਟ

## ਧਰਮ ਮਾਮਲਾ ਨਿੱਜ ਦਾ

(ਸਿੰਘ ਸਾਹਿਬਾਨ ਦੇ ਹੁਕਮਨਾਮਾ ਦੇ ਸੰਦਰਭ ਵਿਚ)

ਗੁਰਸ਼ਰਨ ਸਿੰਘ

ਪਾਤਰ : ਅਖਬਾਰ ਵਾਲਾ, ਸਾਧਾਰਨ ਸਿਖ, ਦੋ ਜਥੇਦਾਰ, ਰਾਜਾ ਅਤੇ ਨੌਜਵਾਨ

(ਨਾਟਕ ਸ਼ੁਰੂ ਹੋਣ ਦਾ ਸੰਗੀਤ ਵਜਦਾ ਹੈ ਅਤੇ ਤਾਲ ਦੀ ਚਾਲ ਵਿਚ ਇਕ ਪਾਸੇ ਤੋਂ ਅਖਬਾਰ ਵਾਲਾ ਤੇ ਦੂਜੇ ਪਾਸੇ ਤੋਂ ਇਕ ਸਾਧਾਰਨ ਸਿਖ ਮੰਚ ਤੇ ਆਂਦੇ ਹਨ)

ਅਖਬਾਰ ਵਾਲਾ : ਸੁਣੋ ਸੁਣੋ ਕੀ ਕਹਿੰਦੇ ਨੇ ਸਿੰਘ ਸਾਹਿਬਾਨ !
ਸਾਧਾਰਨ ਸਿਖ : ਕੀ ਕਹਿੰਦੇ ਨੇ ਸਿੰਘ ਸਾਹਿਬਾਨ ?
ਅ. ਵਾਲਾ : ਅਕਾਲੀ ਸਾ ਇਕਠੇ ਹੋ ਜਾਣ
ਸ. ਸਿਖ : ਅਕਾਲੀ ਸਾਰੇ ਇਕ ਹੋ ਜਾਣ ?
ਅ. ਵਾਲਾ : ਨਾ ਰਹੇ ਅਕਾਲੀ ਦਲ ਬਰਨਾਲਾ
ਨਾ ਰਹੇ ਦਲ ਬਾਬਾ ਜੁਗਿੰਦਰ ਸਿੰਘ ਵਾਲਾ
ਨਾ ਰਹੇ ਦਿਲੀ ਦੇ ਰਛਪਾਲ ਸਿੰਘ ਵਾਲਾ
ਨਾ ਰਹੇ ਬਾਦਲ ਪ੍ਰਕਾਸ਼ ਸਿੰਘ ਵਾਲਾ
ਭੰਗ ਹੋਵੇ ਅਕਾਲੀ ਦਲ ਫੇਰੂਮਾਨ
ਚਾਹੁੰਦੇ ਨੇ ਇਹ ਸਿੰਘ ਸਾਹਿਬਾਨ
ਅਕਾਲੀ ਦਲ ਸਾਰੇ ਇਕ ਹੋ ਜਾਣ ।
ਇਕ ਹੋ ਜਾਣ, ਇਕ ਹੋ ਜਾਣ
ਸ. ਸਿਖ : ਕੀ ਫੇਰ ਝਗੜੇ ਸਾਰੇ ਮੁੱਕ ਜਾਣਗੇ ?
ਕਤਲ ਬੇਦੋਸ਼ਿਆਂ ਦੇ ਰੁੱਕ ਜਾਣਗੇ ?
ਅ. ਵਾਲਾ : ਪਤਾ ਨਹੀਂ ਝਗੜੇ ਮੁੱਕ ਜਾਣਗੇ
ਕਤਲ ਬੇਦੋਸ਼ਿਆਂ ਦੇ ਰੁੱਕ ਜਾਣਗੇ
ਇਕ ਹੋਵੇਗਾ ਸਾਰਾ ਪੰਥ
ਹੁਕਮ ਦੇਵੇਗਾ ਗੁਰੂ ਗਰੰਥ ।
ਸਿੰਘ ਸਾਹਿਬ ਦਾ ਫਰਮਾਨ
ਅਕਾਲੀ ਸਾਰੇ ਇਕ ਹੋ ਜਾਣ
ਸ. ਸਿਖ : ਇਕ ਹੋ ਜਾਣ, ਦੋ ਹੋ ਜਾਣ

ਤਿੰਨ ਹੋ ਜਾਣ, ਜਾਂ ਹੋਵਨ ਚਾਰ
ਸਾਨੂੰ ਨਹੀਂ ਇਹਦੇ ਨਾਲ ਸਰੋਕਾਰ
ਸਾਡੀ ਤਾਂ ਹੈ ਇਕੋ ਅਰਦਾਸ
ਅਮਨ ਨਾਲ ਵਸੇ ਸਾਡਾ ਪੰਜਾਬ
ਅਮਨ ਨਾਲ ਵਸੇ ਸਾਡਾ ਪੰਜਾਬ ।
ਅ: ਵਾਲਾ : (ਜਾਂਦੇ ਹੋਏ) ਸਿੰਘ ਸਾਹਿਬ ਦਾ ਫਰਮਾਨ
ਅਕਾਲੀ ਸਾਰੇ ਇਕ ਹੋ ਜਾਣ ।
ਸ. ਸਿਖ : (ਇਕ ਪਾਸੇ ਦੇਖਕੇ)
ਆ ਰਹੇ ਨੇ ਜਥੇਦਾਰ
ਜੋ ਨੇ ਨਿਰਾਲੇ ਪੰਥ ਦੇ ਸੇਵਾਦਾਰ
(ਦੂਜੇ ਪਾਸੇ ਜਾਂਦੇ ਹੋਏ)
ਪਾਸੇ ਹੋ ਕੇ ਗੱਲ ਉਹਨਾਂ ਦੀ ਸੁਨਣੀ ਹੈ
ਗੰਢ ਤਾਂਹੀ ਇਹਨਾਂ ਦੀ ਖੁਲ੍ਹਣੀ ਹੈ
(ਸਾਧਾਰਨ ਸਿਖ ਇਕ ਪਾਸੇ ਜਾਂਦਾ ਹੈ ਦੋ ਮੋਟੇ ਢਿਡਾਂ ਵਾਲੇ ਜਥੇਦਾਰ ਮੰਚ ਤੇ ਆਂਦੇ ਹਨ)
ਇਕ : ਮੈਂ ਹਾਂ ਭਜਨ ਸਿੰਘ ਸਪੁੱਤਰ ਬਚਨ ਸਿੰਘ
ਦੂਜਾ : ਮੈਂ ਹਾਂ ਭਗਤ ਸਿੰਘ ਸਪੁੱਤਰ ਜਗਤ ਸਿੰਘ
ਇਕ : ਅਸੀਂ ਧਰਮ ਵਾਲੀ ਪਾਰਟੀ ਦੇ ਹਾਂ ਮੰਤਰੀ
ਦੂਜਾ : ਪੰਥ ਦੇ ਪਹਿਰੇਦਾਰ ਨਿਮਾਣੇ ਜਿਹੇ ਸੰਤਰੀ
ਇਕ : ਦੁਵਿਧਾ ਵਿਚ ਫਸੀ ਏ ਜਾਨ
ਦੋ : ਕੜਿਕੀ ਵਿਚ ਫਸਾਇਆ ਸਿੰਘ ਸਾਹਿਬਾਨ
ਇਕ : ਉਹਨਾਂ ਦੀ ਗੱਲ ਜੇ ਸੁਣੀਏ
ਦੋ : ਤਾਂ ਕੁਰਸੀ ਛਡਣੀ ਪੈਣੀ ਏ
ਇਕ : ਝੰਡੀ ਵਾਲੀ ਕਾਰ ਦੀ ਥਾਂ
ਦੋ : ਬਸ ਪਿੰਡ ਵਾਲੀ ਫੜਣੀ ਪੈਣੀ ਏ
ਇਕ : ਪਰ ਕੁਰਸੀ ਅਸੀਂ ਛਡਣੀ ਨਹੀਂ
ਦੋ : ਮੌਤ ਹਥੀਂ ਅਪਣੀ ਕਰਨੀ ਨਹੀਂ
ਇਕ : ਅਸੀਂ ਵੀ ਸੁਣਾਂਗੇ ਉਹੋ ਵਾਕ
ਦੋ : ਜਿਹੜਾ ਸੁਣਿਆ ਸੀ ਬਲਵੰਤ ਸਿੰਘ ਲੌਂਗੋਵਾਲ
ਇਕ : ਕਰੋ ਭਾਂਵੇ ਅਪਣੀ ਮਰਜ਼ੀ
ਦੋ : ਕਵੋ ਦਾਤੇ ਦਾ ਰੰਗ
ਇਕੱਠੇ : ਦੁਵਿਧਾ ਛੋੜ ਗੁਰੂ ਤੇਰੇ ਸੰਗ
ਇਕ : ਦੁਵਿਧਾ ਅਸੀਂ ਛਡਾਂਗੇ
ਦੋ : ਕੁਰਸੀ ਉਤੇ ਡਟਾਂਗੇ
(ਮੰਚ ਤੇ ਚੱਕਰ ਲਗਾਂਦੇ ਹਨ)
ਇਕ : ਸਿੰਘ ਸਾਹਿਬਾਨ ਦਾ ਹੁਕਮਨਾਮਾ
ਦੋ : ਸਾਡੀ ਮੌਤ ਦਾ ਹੈ ਪਰਵਾਨਾ
ਇਕ : ਅਖੇ ਚੰਦੀਗੜ੍ਹ ਗਲ ਸਵਾਹ ਪਾਓ
ਦੋ : ਘੱਤ ਵਹੀਰਾਂ ਅੰਬਰਸਰ ਆਓ
ਇਕ : ਚੰਦੀਗੜ੍ਹ ਹਕੂਮਤ ਵਾਲੀ ਸ਼ਕਤੀ ਏ
ਦੋ : ਅੰਬਰਸਰ ਬਸ ਭਗਤੀ ਹੀ ਭਗਤੀ ਏ
ਇਕ : ਭਗਤੀ ਹੁਣ ਸਾਡਾ ਰਾਹ ਨਹੀਂ
ਦੋ : ਮੁਰਗਿਆਂ ਦੀ ਥਾਂ ਖਾਣਾ ਹੁਣ ਕੜਾਹ ਨਹੀਂ
ਇਕ : ਅਸੀਂ ਵੀ ਸੁਣਾਂਗੇ ਉਹੋ ਵਾਕ
ਦੋ : ਜਿਹੜਾ ਸੁਣਿਆ ਸੀ ਬਲਵੰਤ ਸਿੰਘ ਲੌਂਗੋਵਾਲ
ਇਕੱਠੇ : ਦੁਵਿਧਾ ਛੋੜ ਗੁਰੂ ਤੇਰੇ ਸੰਗ
ਇਕ : ਦੁਵਿਧਾ ਅਸੀਂ ਛਡਾਂਗੇ
ਦੋ : ਕੁਰਸੀ ਉਤੇ ਡਟਾਂਗੇ
(ਮੰਚ ਤੇ ਚੱਕਰ ਲਾਂਦੇ ਹਨ)
ਇਕ : ਮੁੰਡਿਆਂ ਹੈ ਸਿੰਘ ਸਾਹਿਬਾਨ ਨੂੰ ਅੱਗੇ ਲਾਇਆ
ਦੋ : ਸਾਨੂੰ ਹੈ ਐਵੇਂ ਗੱਧੀ-ਗੇੜ ਵਿਚ ਪਾਇਆ
ਇਕ : ਅਖੇ ਪੰਥ ਪਾਰਟੀ ਇਕ ਹੈ ਕਰਨੀ
ਦੋ : ਏਕਤਾ ਵਾਲੀ ਨੀਂਹ ਹੈ ਧਰਨੀ
ਇਕ : ਏਕਤਾ ਕਰ ਕੁਰਸੀ ਅਸੀਂ ਗਵਾਣੀ ਨਹੀਂ
ਦੋ : ਫੜ ਠੂਠਾ ਉਮਰ ਬਿਤਾਣੀ ਨਹੀਂ
ਇਕ : ਅਸੀਂ ਵੀ ਸੁਣਾਂਗੇ ਉਹੋ ਵਾਕ
ਦੋ : ਜਿਹੜਾ ਸੁਣਿਆ ਸੀ ਬਲਵੰਤ ਸਿੰਘ ਲੌਂਗੋਵਾਲ
ਇਕੱਠੇ : ਦੁਵਿਧਾ ਛੋੜ ਗੁਰੂ ਤੇਰੇ ਸੰਗ
ਇਕ : ਦੁਵਿਧਾ ਅਸੀਂ ਛੱਡਾਂਗੇ
ਦੋ : ਵਿਚ ਚੰਡੀਗੜ੍ਹ ਦੇ ਡਟਾਂਗੇ
(ਮੰਚ ਤੇ ਚੱਕਰ ਲਗਾਂਦੇ ਹਨ)
ਇਕ : ਸਿੰਘ ਸਾਹਿਬ ਦਾ ਇਹ ਫਰਮਾਨ
ਦੋ : ਅਖੇ ਅਕਾਲੀ ਸਾਰੇ ਇਕ ਹੋ ਜਾਣ
ਇਕ : ਇਹ ਹੈ ਬਾਦਲ ਟੌਹੜੇ ਦੀ ਚਾਲ
ਦੋ : ਜੋ ਮੌਕਾ ਰਹੇ ਸੀ ਕਦੋਂ ਦਾ ਭਾਲ
ਇਕ : ਬਰਨਾਲੇ ਨੂੰ ਭੁੰਜੇ ਲਾਹਵਾਂਗੇ
ਦੋ : ਬੰਦਾ ਆਪਣਾ ਗੱਦੀ ਬਿਠਾਵਾਂਗੇ
ਇਕ : ਜੇ ਗੱਦੀ ਹੋਰ ਕੋਲ ਹੈ ਜਾਣੀ
ਦੋ : ਨਹੀਂ ਵਾਰੀ ਕੁਰਸੀ ਲਈ ਸਾਡੀ ਹੈ ਆਣੀ
ਇਕ : ਇਹ ਹੈ ਸਿੱਧੀ ਜਿਹੀ ਬਾਤ
ਦੋ : ਫਿਰ ਕਰੀਏ ਕਿਉਂ ਅਸੀਂ ਆਤਮਘਾਤ
ਇਕ : ਅਸੀਂ ਵੀ ਸੁਣਾਂਗੇ ਉਹੋ ਵਾਕ
ਦੋ : ਜੋ ਸੁਣਿਆ ਬਲਵੰਤ ਸਿੰਘ ਲੌਂਗੋਵਾਲ
ਇਕੱਠੇ : ਦੁਵਿਧਾ ਛੋੜ, ਗੁਰੂ ਤੇਰੇ ਸੰਗ
ਇਕ : ਦੁਵਿਧਾ ਅਸੀਂ ਛੱਡਾਂਗੇ
ਦੋ : ਕੁਰਸੀ ਉਤੇ ਡੱਟਾਂਗੇ
(ਦੋਨੋਂ ਬਾਹਰ ਜਾਂਦੇ ਹਨ । ਸਾਧਾਰਨ ਸਿੰਘ ਦੂਜੇ ਪਾਸੇ ਤੋਂ ਮੰਚ ਤੇ ਆਂਦਾ ਹੈ)
ਸ. ਸਿੱਖ : ਇਹ ਦੋਨੋਂ ਹਨ ਜਥੇਦਾਰ
ਵੋਟਾਂ ਲੈ ਕੇ ਪੰਥ ਦੇ ਨਾਂ
ਚੰਡੀਗੜ੍ਹ ਗਏ ਸੀ ਪਧਾਰ

ਨਾ ਧਰਮ ਪਿਆਰਾ ਨਾ ਪੰਥ ਪਿਆਰਾ
ਕੁਰਸੀ ਨਾਲ ਇਹਨਾਂ ਦਾ ਪਿਆਰ
ਛੱਲ ਕੱਪਟ ਇਹਨਾਂ ਦਾ ਰੰਗ
ਫੇਰ ਵੀ ਕਹਿਣ ਗੁਰੂ ਸਾਡੇ ਸੰਗ
ਦੁਬਿਧਾ ਇਹ ਛੱਡਣਗੇ
ਕੁਰਸੀ ਉਤੇ ਡੱਟਣਗੇ
(ਦੂਜੇ ਪਾਸੇ ਦੇਖ ਕੇ) ਪਰ ਇਹ ਕੌਣ ਹੈ ਆ ਰਿਹਾ
ਧਮਕ ਧਰਤੀ ਤੇ ਹੈ ਪਾ ਰਿਹਾ
ਬੰਦਾ ਲਗਦੈ ਇਹ ਵੀ ਖਾਸ
ਰਾਜਿਆਂ ਵਾਲੀ ਇਹਦੀ ਠਾਠ
(ਰਾਜਾ ਆਂਦਾ ਹੈ)
ਰਾਜਾ : ਮੈਂ ਹਾਂ ਅਮਰਇੰਦਰ ਸਿੰਘ ਰਾਜਾ
ਰਿਆਸਤ ਸੀ ਮੇਰੀ ਪਟਿਆਲਾ
ਜਦੋਂ ਜੰਮਿਆ ਉਦੋਂ ਵੀ ਰਾਜਾ
ਜਦੋਂ ਮਰਨਾ ਉਦੋਂ ਵੀ ਰਾਜਾ
ਸ. ਸਿੱਖ : ਕੀ ਤੁਸੀਂ ਹੋ ਖਾਨਦਾਨੀ ਰਾਜੇ
ਰਾਜਾ : ਹਾਂ ਹਾਂ ਅਸੀਂ ਖਾਨਦਾਨੀ ਰਾਜੇ
ਜਦੋਂ ਜੰਮੇ ਉਦੋਂ ਵੀ ਰਾਜੇ
ਜਦੋਂ ਮਰਨਾ ਉਦੋਂ ਵੀ ਰਾਜੇ
ਸ. ਸਿੱਖ : ਰਾਜਿਆਂ ਵਾਲੇ ਗੁਣ ਕੀ ਨੇ ਤੁਹਾਡੇ ?
ਸਾਨੂੰ ਵੀ ਪਤਾ ਲਗੇ, ਕੁਝ ਪੱਲੇ ਪਾਵੋ ਸਾਡੇ
ਰਾਜਾ : ਰਾਜੀਵ ਮੇਰਾ ਦੋਸਤ ਪੁਰਾਣਾ
ਦੂਨ ਸਕੂਲ ਸੀ ਸਾਡਾ ਯਾਰਾਨਾ
ਕੱਠਿਆਂ ਪੀਣਾ, ਕੱਠਿਆਂ ਖਾਣਾ
ਕੱਠਿਆਂ ਕੁੜੀਆਂ ਪਿੱਛੇ ਜਾਣਾ ।
ਸ. ਸਿੱਖ : ਬੜੇ ਨੇ ਗੁਣ ਤੁਹਾਡੇ
ਪੱਲੇ ਪੈ ਰਿਹਾ ਸਭ ਕੁਝ ਸਾਡੇ ।
ਰਾਜਾ : ਰਾਜੀਵ ਆਖਿਆ ਖੱਦਰ ਪਾਵੋ
ਅਸੀਂ ਮੰਨ ਲਿਆ ਉਹਦਾ ਫਰਮਾਨ
ਐਮ.ਪੀ. ਬਣ ਕੇ ਦਿੱਲੀ ਪੁੱਜੇ
ਪਰ ਕਿਸੇ ਨਾ ਗੌਲੀ ਸਾਡੀ ਸ਼ਾਨ
ਸ. ਸਿੱਖ : ਐਮ.ਪੀ. ਬਣ ਕੇ ਦਿੱਲੀ ਪੁੱਜੇ
ਕਿਸੇ ਨਾ ਗੌਲੀ ਤੁਹਾਡੀ ਸ਼ਾਨ ?
ਰਾਜਾ : ਹਾਂ ਹਾਂ ਕਿਸੇ ਨਾ ਗੌਲੀ ਸਾਡੀ ਸ਼ਾਨ
ਕਾਂਗਰਸ ਵਿਚ ਜਦੋਂ ਭਵਿੱਖ ਨਾ ਦਿੱਸਿਆ
ਬਣ ਗਏ ਪੰਥ ਦੇ ਸ਼ੇਵਾਦਾਰ
ਪਹਿਲੇ ਬਣੇ ਖੇਤੀ ਮੰਤਰੀ
ਫੇਰ ਬਾਦਲ ਗਰੁੱਪ ਦੇ ਅਹੁਦੇਦਾਰ
ਹੁਣ ਸਿੰਘ ਸਾਹਿਬਾਨ ਕੀਤਾ ਹੈ ਏਲਾਨ
ਅਕਾਲੀ ਸਾਰੇ ਇਕ ਹੋ ਜਾਣ
ਅਸੀਂ ਕਿਹਾ ਹੈ ਮਨਜ਼ੂਰ
ਉਂਝ ਵੀ ਗੱਦੀ ਤੋਂ ਬੈਠੇ ਹਾਂ ਦੂਰ
ਅਸੀਂ ਹੁਣ ਜਾਣ ਲਿਆ ਹੈ
ਸਮੇਂ ਦਾ ਰੁਖ ਪਛਾਣ ਲਿਆ ਹੈ
ਬਰਨਾਲੇ ਦੇ ਦਿਨ ਹੁਣ ਨੇ ਚਾਰ
ਪੰਥ ਨੇ ਪਾਉਣੀ ਉਹਨੂੰ ਫਿਟਕਾਰ
ਦਾਅ ਹੁਣ ਅਸੀਂ ਲਾਵਾਂਗੇ
ਗੱਦੀ ਰਾਜੇ ਵਾਲੀ ਪਾਵਾਂਗੇ
ਇਹ ਹੈ ਸਾਡਾ ਇਤਿਹਾਸ
ਇਸ ਵਿਚ ਨਾ ਕੋਈ ਮਿਥਹਾਸ
ਸ. ਸਿੰਘ : ਇਹ ਹੈ ਤੁਹਾਡਾ ਇਤਿਹਾਸ ?
ਇਸ ਵਿਚ ਨਾ ਕੋਈ ਮਿਥਿਹਾਸ ?
ਰਾਜਾ : ਹਾਂ ਹਾਂ ਇਹ ਸਾਡਾ ਇਤਿਹਾਸ
ਇਸ ਵਿਚ ਨਾ ਕੋਈ ਮਿਥਹਾਸ
ਅਸੀਂ ਹਾਂ ਸਦਾ ਲਈ ਰਾਜੇ
ਜਦੋਂ ਜੰਮੇ ਉਦੋਂ ਵੀ ਰਾਜੇ
ਜਦੋਂ ਮਰਨਾ ਉਦੋਂ ਵੀ ਰਾਜੇ
(ਜਾਂਦਾ ਹੈ)
ਸ. ਸਿੱਖ : ਇਹ ਹਨ ਸਦਾ ਲਈ ਰਾਜੇ
ਜਦੋਂ ਜੰਮੇ ਉਦੋਂ ਵੀ ਰਾਜੇ
ਜਦੋਂ ਮਰਨਾ ਉਦੋਂ ਵੀ ਰਾਜੇ
ਜੋ ਗੱਦੀਆਂ ਤੋਂ ਬੈਠੇ ਦੂਰ
ਉਹਨਾਂ ਨੂੰ ਸਿੰਘ ਸਾਹਿਬਾਨ ਮਨਜ਼ੂਰ
ਜੋ ਸਾਂਭ ਕੇ ਬੈਠੇ ਗੱਦੀ
ਉਹਨਾਂ ਲਈ ਫਰਮਾਨ ਹੈ ਰੱਦੀ
ਗੱਦੀਆਂ ਦੀ ਸਭ ਖੇਡ ਹਨ ਖੇਡਣ
ਲੈ ਕੇ ਪੰਥ ਦਾ ਉੱਚਾ ਨਾਂਅ
ਸ਼ਤਰਜ ਦੇ ਇਹ ਸ਼ਾਤਰ ਖਿਡਾਰੀ
ਖੇਡਣ ਆਪਣੇ ਆਪਣੇ ਦਾਅ
ਲੋਕੋ ਇਹਨਾਂ ਨੂੰ ਖੂਬ ਪਛਾਣੋ
ਅਸਲੀਅਤ ਇਹਨਾਂ ਦੀ ਪੂਰੀ ਜਾਣੋ
ਇਹ ਹਨ ਸਦਾ ਲਈ ਰਾਜੇ
ਜਦੋਂ ਜੰਮਣ ਉਦੋਂ ਵੀ ਰਾਜੇ
ਜਦੋਂ ਮਰਨ ਉਦੋਂ ਵੀ ਰਾਜੇ
(ਆਵਾਜ਼ ਆਂਦੀ ਹੈ : ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ, ਦੋ ਨੌਜਵਾਨ ਮੰਚ ਤੇ ਆਂਦੇ ਹਨ)
ਇਕ : ਬੋਲੇ ਸੋ ਨਿਹਾਲ
ਦੋ : ਸਤਿ ਸ੍ਰੀ ਅਕਾਲ
ਇਕ : ਅਸੀਂ ਹਾਂ ਖਾੜਕੂ ਸਿੱਖ ਨੌਜਵਾਨ
ਦੋ : ਨਿਰਾਲੇ ਪੰਥ ਦੀ ਨਿਰਾਲੀ ਸ਼ਾਨ

ਇਕੱਠੇ : ਦਿੱਲੀ ਨਾਲ ਸਾਡਾ ਯੁੱਧ ਘਮਸਾਨ
ਇਕ : ਭਈਏ ਮਾਰੀਏ, ਪੁਲਸੀਏ ਮਾਰੀਏ
ਦੋ : ਔਰਤਾਂ ਮਾਰੀਏ, ਹਿੰਦੂ ਮਾਰੀਏ
ਇਕੱਠੇ : ਜੰਗ ਤੇ ਪਿਆਰ ਵਿਚ ਸਭ ਪਰਵਾਨ
ਇਕ : ਅਸਾਂ ਇਰਾਦਾ ਹੁਣ ਬਣਾਇਆ ਹੈ
ਦੋ : ਮਤਾ ਇਕ ਪਕਾਇਆ ਹੈ
ਇਕ : ਗੱਦੀ ਬੁੱਢਿਆਂ ਨੂੰ ਬਹਿਣ ਨਹੀਂ ਦੇਣਾ
ਦੋ : ਰਾਜ ਇਹਨਾਂ ਦਾ ਰਹਿਣ ਨਹੀਂ ਦੇਣਾ
ਇਕ : ਸਿੰਘ ਸਾਹਬ ਪਏ ਆਖਣ, ਅਕਾਲੀ ਇਕ ਹੋ ਜਾਣ
ਦੋ : ਪਰ ਸਾਡਾ ਨਿਸ਼ਾਨਾ ਹੈ ਖਾਲਿਸਤਾਨ
ਇਕ : ਗੁਰਮਤਾ ਅਸੀਂ ਪਾਸ ਸੀ ਕੀਤਾ
ਦੋ : ਏਲਾਨ ਇਹ ਸਾਫ ਸੀ ਕੀਤਾ
ਇਕੱਠੇ : ਖਾਲਿਸਤਾਨ ਬਣਾਵਾਂਗੇ, ਰਾਜ ਆਪਣਾ ਚਲਾਵਾਂਗੇ
ਸ. ਸਿੱਖ : ਕੀ ਬਣ ਗਿਆ ਜਦੋਂ ਖਾਲਿਸਤਾਨ
ਮਿਲੇਗਾ ਸਭ ਨੂੰ ਰੋਟੀ ਕਪੜਾ ਤੇ ਮਕਾਨ ?
ਇਕ : ਤੂੰ ਵੀ ਭੋਲਾ ਏ ਇਨਸਾਨ
ਦੋ : ਸਮਝਦਾ ਨਹੀਂ ਸਭ ਪ੍ਰੋਗਰਾਮ
ਸ. ਸਿੱਖ : ਕੀ ਇਹ ਤੁਹਾਡਾ ਪ੍ਰੋਗਰਾਮ ?
ਮੈਂ ਕੀ ਸਮਝਾਂ ਭੋਲਾ ਇਨਸਾਨ ?
ਇਕ : ਖਾਲਿਸਤਾਨ ਜਦੋਂ ਬਣੇਗਾ
ਦੋ : ਨਾਮ ਗੁਰੂ ਦਾ ਚੱਲੇਗਾ
ਇਕ : ਥਾਂ ਥਾਂ ਤੇ ਹੋਣਗੇ ਕੀਰਤਨ
ਦੋ : ਹੋਵੇ ਗਲੀ ਸੜਕ ਜਾਂ ਬਾਜ਼ਾਰ
ਇਕ : ਬਾਣੀ ਹਰ ਇਕ ਦੇ ਕੰਨ ਵਿਚ ਪੈਣੀ ਹੈ
ਦੋ : ਰੋਟੀ ਕਪੜੇ ਦੀ ਲੋੜ ਨਾ ਰਹਿਣੀ ਹੈ
ਸ. ਸਿੱਖ : ਸਮਝ ਗਿਆ, ਬਈ ਸਮਝ ਗਿਆ
ਜਾਣ ਗਿਆ, ਪਹਿਚਾਨ ਗਿਆ
ਇਕ : ਕੀ ਸਮਝ ਗਿਆ, ਕੀ ਜਾਣ ਗਿਆ
ਦੋ : ਕੀ ਜਾਣ ਗਿਆ, ਕੀ ਪਹਿਚਾਣ ਗਿਆ
ਸ. ਸਿੱਖ : ਧਰਮ ਨੇ ਹੋਣਾ ਹਰ ਥਾਂ ਪ੍ਰਧਾਨ
ਭੁੱਲਣਾ ਬੰਦੇ ਨੂੰ ਕੁਲ ਵਿਗਿਆਨ
ਸਾਰੀ ਸਾਇੰਸ ਸਾਰਾ ਵਿਗਿਆਨ
ਪੁੱਠਾ ਚੱਕਰ ਚੱਲੇਗਾ
ਬੰਦਾ ਪੰਦਰਵੀਂ ਸਦੀ 'ਚ ਪੁੱਜੇਗਾ
ਇਕ : ਪੰਦਰਵੀਂ ਸੋਲ੍ਹਵੀਂ ਦਾ ਪਤਾ ਨਹੀਂ ਸਾਨੂੰ
ਦੋ : ਚੱਕਰਾਂ ਵਾਲੀ ਚਿੰਤਾ ਨਹੀਂ ਸਾਨੂੰ
ਇਕ : ਝੂਲੇਗਾ ਇਥੇ ਕੇਸਰੀ ਨਿਸ਼ਾਨ
ਦੋ : ਬਣੇਗਾ ਇਥੇ ਖਾਲਿਸਤਾਨ
ਇਕੱਠੇ : (ਜਾਂਦੇ ਹੋਏ) ਬਣੇਗਾ ਇਥੇ ਖਾਲਿਸਤਾਨ
ਸ. ਸਿੱਖ : ਸੁਣੋ ਓ ਲੋਕੋ, ਸੁਣ ਲਓ ਤੁਸੀਂ ਕੁਲ ਇਨਸਾਨ
ਇਹ ਧਰਤੀ ਹੈ ਸਾਡੀ ਸਾਂਝੀ
ਨਾ ਇਕ ਧਰਮ ਲਈ ਇਹ ਅਸਥਾਨ
ਲੋਕਾਸ਼ਾਹੀ ਦਾ ਯੁੱਗ ਹੈ ਇਹ
ਪੁੱਠਾ ਚੱਕਰ ਚੱਲਣਾ ਨਹੀਂ
ਸੌੜੇ ਧਰਮ ਦਾ ਰਾਜ ਬਣਾ ਕੇ
ਜੀਂਦੇ ਅਸੀਂ ਮਰਨਾ ਨਹੀਂ
ਪਿਛਾਕੜ ਹੈ ਉਹ ਸਿਆਸਤ
ਜੋ ਧਰਮ ਤੇ ਹੈ ਆਧਾਰਤ
ਧਰਮ ਤੇ ਸਿਆਸਤ ਦਾ,
ਅੱਜ ਦੇ ਯੁੱਗ ਵਿਚ ਜੋੜ ਨਹੀਂ
ਸਮਾਂ ਵਿਹਾ ਗਈ ਜੋ ਸਿਆਸਤ,
ਉਸ ਸਿਆਸਤ ਦੀ ਅੱਜ ਲੋੜ ਨਹੀਂ
ਆਓ ਕਰੀਏ ਇਹ ਏਲਾਨ,
ਘਰ ਘਰ ਪੁਚਾਈਏ ਇਹ ਪੈਗ਼ਾਮ
ਧਰਮ ਮਾਮਲਾ ਨਿੱਜ ਦਾ,
ਨਾ ਦਖਲ ਦੇਵੇ ਸਰਕਾਰ
ਧਰਮ ਦਾ ਵੀ ਹੱਕ ਨਹੀਂ,
ਹੋਵੇ ਸਿਆਸਤ ਵਿਚ ਦਖਲਅੰਦਾਜ਼
ਸਾਡਾ ਹੈ ਏਹ ਏਲਾਨ
ਸਾਡਾ ਲੋਕਾਂ ਨੂੰ ਪੈਗ਼ਾਮ । o

---

## ਪਾਠਕ ਲੇਖਕ ਫੋਰਮ

### 1. ਸਾਥੀ ਪਾਲ ਸਿੰਘ ਦੇ ਵਿਚਾਰ :

['ਕਮਿਊਨਿਸਟਾਂ ਲੈਨਨਵਾਦ ਪਾੜ ਸੁਟੀ' ਵਾਲੇ ਲੇਖ ਉਤੇ ਸਾਥੀ ਕਰਮ ਬਰਸਟ ਵਲੋਂ ਟਿਪਣੀ ਉਤੇ ਸਾਡੇ ਵਿਚਾਰ–ਪਾਲ ਸਿੰਘ 'ਐਡੀਟਰ ਪੰਜਾਬੀ ਕੌਮ']

ਜਿਸ ਉਤੇਜਨਾਂ ਰਹਿਤ ਅਤੇ ਸਤੁੰਲਤ ਮਨ ਨਾਲ ਸਾਥੀ ਬਰਸਟ ਜੀ ਨੇ ਟਿਪਣੀ ਕੀਤੀ ਹੈ, ਮੈਂ ਇਸਦੀ ਪੂਰੀ ਸੰਜੀਦਗੀ ਅਤੇ ਈਮਾਨਦਾਰੀ ਨਾਲ ਸ਼ਲਾਘਾ ਕਰਦਾ ਹਾਂ, ਪਰ ਜਿਥੋਂ ਤਕ ਲੈਨਨ ਦੇ ਲਿਖੇ 'ਕੌਮਾਂ ਨੂੰ ਆਤਮ ਨਿਰਨੇ ਦੇ ਹੱਕ' ਨੂੰ ਸਮਝਣ ਅਤੇ ਪੰਜਾਬ ਉਤੇ ਲਾਗੂ ਕਰਨ ਦਾ ਸਵਾਲ ਹੈ, ਓਥੇ ਸਾਥੀ ਬਿਲਕੁਲ ਖੁੰਝਿਆ ਹੋਇਆ ਹੈ ।

ਇਸ ਟਿਪਣੀ ਉਤੇ ਅਪਣੇ ਵਿਚਾਰ ਦੇਣ ਤੋਂ ਪਹਿਲਾਂ ਮੈਂ ਇਹ ਗੱਲ ਕਰਨੀ ਉਚਿਤ ਸਮਝਦਾ ਹਾਂ ਕਿ ਮੈਨੂੰ ਹਿੰਦੂ ਭਰਾਵਾਂ ਨਾਲ ਬਿਲਕੁਲ ਕੋਈ ਈਰਖਾ ਜਾਂ ਦਵੈਤ ਨਹੀਂ । ਅਸੀਂ ਨਿਰਪਖ ਤੌਰ ਉਤੇ ਹਿੰਦੂਆਂ ਅਤੇ ਸਿਖਾਂ ਬਾਰੇ ਹਕੀਕੀ ਤੱਥ ਗਿਣਤੀ ਵਿਚ ਲਵਾਂਗੇ । ਜੇ

ਕੋਈ ਉਹਨਾਂ ਹਕੀਕਤਾਂ ਨੂੰ ਮਨਮੱਤ ਨਾਲ ਸਾਡੀ ਪਖਪਾਤੀ ਗਿਣੀ ਜਾਵੇ ਤਾਂ ਇਹ ਓਸ ਦੀ ਅਪਣੀ ਭੁੱਲ ਹੋਵੇਗੀ। ਦੂਜੀ ਗੱਲ ਇਹ ਕਿ ਅਸੀਂ ਲੈਨਨੀ ਘੇਰੇ ਤੋਂ ਬਾਹਰ ਨਹੀਂ ਜਾਵਾਂਗੇ।

ਹੁਣ ਅਸੀਂ ਟਿਪਣੀ ਉਤੇ ਵਿਚਾਰ ਸ਼ੁਰੂ ਕਰਦੇ ਹਾਂ। ਸਾਥੀ ਕਰਮ ਬਰਸਟ ਲਿਖਦਾ ਹੈ ਕਿ :—"ਪਾਲ ਸਿੰਘ ਅਪਣੇ ਲੇਖ ਵਿਚ ਦਾਹਵਾ ਕਰਦਾ ਹੈ ਕਿ ਭਾਰਤ ਇਕ ਬਹੁ ਕੌਮੀ ਦੇਸ਼ ਹੈ।' ਇਸ ਪ੍ਰਤੀ ਅਸੀਂ ਸਾਥੀ ਨੂੰ ਸਵਾਲ ਪੁਛਦੇ ਹਾਂ ਕਿ ਕੀ ਸਾਥੀ ਭਾਰਤ ਨੂੰ ਬਹੁਕੌਮੀ ਦੇਸ਼ ਸਮਝਦਾ ਹੈ ਕਿ ਨਹੀਂ ?'

ਦੂਜੀ ਗੱਲ ਸਾਥੀ ਜੀ ਇਹ ਕਰਦੇ ਹਨ ਕਿ ਸਿਖ ਇਕ ਕੌਮ ਨਹੀਂ ਹਨ। ਇਸਦੇ ਨਾਲ ਸਾਥੀ ਲਿਖਦਾ ਹੈ ਕਿ—'ਲੋਕਾਂ ਦੇ ਕਿਸੇ ਸਮੂਹ ਦੇ ਇਕ ਕੌਮ ਹੋਣ ਦੇ ਖਾਸੇ ਜਾਂ ਤੱਥ ਨੂੰ ਪਰਖਣ ਵਾਸਤੇ ਸਾਥੀ ਸਟਾਲਨ ਨੇ ਇਕ ਸਰਬ ਪ੍ਰਵਾਨਤ ਪ੍ਰੀਭਾਸ਼ਾ ਦਿਤੀ ਹੋਈ ਹੈ। ਅਤੇ ਆਖਦਾ ਹੈ ਕਿ ਲੋਕ ਸਮੂਹ ਦੇ ਕੌਮ ਹੋਣ ਦੇ ਖਾਸੇ ਨੂੰ ਪ੍ਰਖਣ ਵਾਸਤੇ ਇਹ ਇਕ ਕਸਵਟੀ ਹੈ। ਸਾਥੀ ਨੇ ਓਹ ਪੰਜ ਨੁਕਤੇ ਦਿਤੇ ਹਨ ਜਿਨਾਂ ਉਤੇ ਉਹ ਸਟਾਲਨੀ ਕਸਵਟੀ ਮੁਸ਼ਤਮਿਲ ਹੈ। ਉਹ ਹਨ :— 1. ਇਤਹਾਸਕ ਤੌਰ ਹੋਂਦ ਵਿਚ ਆਇਆਂ ਲੋਕਾਂ ਦਾ ਸਮੂਹ, 2. ਸਾਂਝੀ ਬੋਲੀ। 3. ਸਾਂਝਾ ਇਲਾਕਾ। 4. ਸਾਂਝਾ ਸਭਿਆਚਾਰ 5. ਸਾਂਝੀ ਆਰਥਿਕਤਾ।

ਆਓ ਸਿਖਾਂ ਨੂੰ ਇਸ ਸਟਾਲਨੀ ਕਸਵਟੀ ਉਤੇ ਲਾਈਏ ਤੇ ਵੇਖੀਏ ਕਿ ਓਹ ਕੌਮ ਹੋਣ ਦੇ ਖਾਸੇ ਬਾਰੇ ਪੂਰੇ ਉਤਰਦੇ ਹਨ ?

ਕਸਵਟੀ ਉਤੇ ਲਾਉਣ ਤੋਂ ਪਹਿਲਾਂ ਅਸੀਂ ਸਾਥੀ ਜੀ ਨਾਲ ਇਕ ਗੱਲ ਕਰਨੀ ਚਾਹਵਾਂਗੇ ਕਿ ਐਸ ਵੇਲੇ ਆਪਾਂ ਕੋਲ ਇਕ ਪਾਸੇ ਸਿਖ ਕੌਮ ਹੈ ਤੇ ਦੂਜੇ ਪਾਸੇ ਤੁਹਾਡੇ ਵਲੋਂ ਦਿਤੀ ਗਈ ਕਸਵੱਟੀ। ਆਪਾਂ ਸਿਖਾਂ ਨੂੰ ਇਸ ਲੈਨਨੀ ਕਸਵਟੀ ਤੇ ਲਾਉਣਾ ਹੈ। ਅਤੇ ਸਿਖਾਂ ਬਾਰੇ ਕਸਵਟੀ ਦੇ ਨਤੀਜੇ ਉਤੇ ਖਲੋਣਾ ਹੈ, ਲਾਂਭੇ ਚਾਂਭੇ ਖਿਸਕਣਾ ਨਹੀਂ।

ਆਓ ਕਸਵਟੀ ਉਤੇ ਲਾਈਏ। ਕੀ ਸਿਖ ਲੋਕਾਂ ਦਾ ਸਮੂਹ ਇਤਿਹਾਸਕ ਤੌਰ ਤੇ ਹੋਂਦ ਵਿਚ ਆਇਆ ਹੈ ? ਗੁਰੂ ਨਾਨਕ ਤੋਂ ਲੈਕੇ ਹੀ ਸਿਖਾਂ ਦਾ ਇਤਹਾਸ ਵੱਖਰਾ ਹੈ, ਅਤੇ ਇਹਨਾਂ ਨੇ ਭਾਰਤ ਵਿਚ ਇਕ ਵੱਖਰਾ ਤੇ ਖਾਸ ਇਤਹਾਸ ਬਣਾਇਆ ਹੈ। ਗੁਰੂ ਅਰਜਨ ਨੂੰ ਜਹਾਂਗੀਰ ਨੇ ਤਸੀਹੇ ਦੇ ਕੇ ਸ਼ਹੀਦ ਕੀਤਾ। ਸ਼ਹੀਦ ਸਿਆਸੀ ਕਾਰਨਾਂ ਕਰਕੇ ਕੀਤਾ ਕਿਉਂਕਿ ਗੁਰੂ ਅਰਜਨ ਦੇਵ ਜਹਾਂਗੀਰ ਦੇ ਪੁਤਰ ਸ਼ਾਹਜਹਾਨ ਨੂੰ ਮੱਦਦ ਦੇਂਦੇ ਸਨ। ਫਿਰਕੂ ਕਾਰਨ ਨਹੀਂ ਸਨ, (ਜਹਾਂਗੀਰ ਨੇ ਚੰਦੂ ਵਾਲੀ ਕਹਾਣੀ ਬਣਾਈ ਕਿ ਓਹ ਚੰਦੂ ਦਾ ਸਾਕ ਨਹੀਂ ਸੀ ਲੈਂਦੇ ਉਹ ਬਹਾਨਾ ਸੀ)। ਉਨ੍ਹਾਂ ਤੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਵਲੋਂ ਮੁਗਲਾਂ ਦੇ ਜ਼ੁਲਮ ਦੇ ਵਿਰੁਧ ਮਹਾਨ ਸਿਆਸੀ ਯੁਧ ਲੜਿਆ ਗਿਆ ਅਤੇ ਨਿਰੋਲ ਸਿਖਾਂ ਲੜਿਆ। ਇਹ ਇਤਿਹਾਸ ਸੀ। ਫੇਰ ਉਸਤੋਂ ਬਾਦ ਗੁਰੂ ਗੋਬਿੰਦ ਸਿੰਘ ਵਲੋਂ ਛੇੜੇ ਗਏ ਜ਼ੁਲਮ ਦੇ ਖਾਤਮੇ ਦੇ ਸਿਆਸੀ ਯੁਧ ਨੂੰ ਬੰਦਾ ਸਿੰਘ ਬਹਾਦਰ ਨੇ ਜਾਰੀ ਰੱਖਿਆ ਅਤੇ ਸਿੱਖਾਂ ਦੀ ਹੋਂਦ ਨੂੰ ਮਿਟ ਜਾਣ ਦੇਣ ਤੋਂ ਬਚਾਇਆ, ਭਾਵ ਸੁਰਜੀਤ ਰੱਖਿਆ। ਇਹ ਕੰਮ ਵੀ ਸਿੱਖਾਂ ਕੀਤਾ। ਇਤਿਹਾਸ ਹੈ। ਉਸ ਤੋਂ ਬਾਦ ਮੀਰ ਮਨੂੰ ਅਤੇ ਅਬਦਾਲੀ ਆਦਿ ਨੇ ਸਿੱਖਾਂ ਦੀ ਹੋਂਦ ਨੂੰ ਖਤਮ ਕਰਨ ਵਾਸਤੇ ਮੁਹਿਮ ਚਲਾਈ। ਹਜ਼ਾਰਾਂ ਸਿੱਖ ਇਕੱਠੇ ਕਰਕੇ ਲਾਹੌਰ ਵਿਚ ਇਕੋ ਵਾਰੀ ਕਤਲਾਮ ਕੀਤਾ ਜਾਂਦਾ ਸੀ। ਸਿੱਖਾਂ ਦੇ ਸਿਰਾਂ ਦੇ ਇਕ ਵੱਢੋਂ ਮੁਲ ਪਾ ਦਿੱਤੇ ਗਏ, (ਹੁਣ ਵਾਂਗੂ ਨਹੀਂ, ਹੁਣ ਖਾਸ ਖਾਸ ਸਿੱਖਾਂ ਦੇ ਮੁਲ ਪੈ ਰਹੇ ਹਨ, ਉਦੋਂ ਇਕ ਵੱਢੋਂ ਹੀ ਮੁੱਲ ਪਾ ਦਿੱਤੇ, ਜਿਹੜਾ ਵੀ ਕਿਸੇ ਸਿੱਖ ਦਾ ਸਿਰ ਲੈ ਆਵੇ, ਉਸਨੂੰ ਮੁੱਲ ਮਿਲਦਾ ਸੀ) ਕਿਸੇ ਹਿੰਦੂ ਦੇ ਸਿਰ ਦਾ ਮੁੱਲ ਨਹੀਂ ਸੀ ਪਿਆ। ਅਬਦਾਲੀ ਨੇ ਵੀ ਸਿੱਖਾਂ ਨੂੰ ਮੁਕਾ ਦੇਣ ਦਾ ਤਹੱਯਾ ਕਰ ਲਿਆ ਸੀ। ਉਸ ਦੇ ਜ਼ੁਲਮ ਦੇ ਵਿਰੁੱਧ ਅਤੇ ਸਿੱਖ ਕੌਮ ਦੀ ਹੋਂਦ ਨੂੰ ਕਾਇਮ ਰੱਖਣ ਵਾਸਤੇ ਅਬਦਾਲੀ ਨਾਲ ਯੁੱਧ ਦੇ ਮੈਦਾਨ ਵਿਚ ਸੱਠ ਹਜ਼ਾਰ ਸਿੱਖ ਸ਼ਹੀਦ ਹੋਏ। ਗੱਲ ਕਰਨ ਦਾ ਮਤਲਬ ਇਹ ਹੈ ਇਹ ਹੈ ਕਿ ਦਿੱਲੀ ਦੇ ਹਾਕਮਾਂ, ਅਬ-ਦਾਲੀ ਅਤੇ ਮੀਰ ਮਨੂੰ ਆਦਿ ਦੀ ਪੱਕੀ ਯੋਜਨਾ ਸੀ ਅਤੇ ਦਰਿੜ ਇਰਾਦਾ ਸੀ ਕਿ ਸਿੱਖਾਂ ਦਾ ਬੀ ਮਾਰ ਦਿੱਤਾ ਜਾਵੇ (ਕਿਉਂਕਿ ਇਹ ਉਹਨਾਂ ਦੇ ਜ਼ੁਲਮਾਂ ਤੇ ਵਧੀਕੀਆਂ ਅੱਗੇ ਅੜਿਕਾ ਬਣਦੇ ਸਨ) ਪਰ ਸਿੱਖਾਂ ਨੇ ਆਪਣੀ ਹਿੰਮਤ, ਦਰਿੜਤਾ ਤੇ ਸੂਰਮਤਾਈ ਤੇ ਆਪਣਾ ਅਥਾਹ ਲਹੂ ਦੇ ਕੇ ਆਪਣੀ ਹੋਂਦ ਬਚਾਈ। ਕਿਸੇ ਹਿੰਦੂ ਨੇ ਇਸ ਵਿਚ ਉਹਨਾਂ ਦੀ ਕੋਈ ਮਦਦ ਨਹੀਂ ਕੀਤੀ। (ਜਿਸ ਤਰ੍ਹਾਂ ਅਸਾਂ ਉਤੇ ਦੱਸਿਆ ਹੈ, ਸਾਡੀ ਹਿੰਦੂ ਭਰਾਵਾਂ ਨਾਲ ਈਰਖਾ ਨਹੀਂ, ਅਸੀਂ ਇਹ ਦੱਸ ਰਹੇ ਜੋ ਹਕੀਕੀ ਤੌਰ ਇਤਿਹਾਸ ਵਿਚ ਵਾਪਰਿਆ ਹੈ)। ਸੋ ਸਿੱਖਾਂ ਦਾ ਇਕ ਆਪਣਾ ਵੱਖਰਾ ਇਤਿਹਾਸ ਹੈ। ਇਹਨਾਂ ਇਕ ਵੱਖਰਾ ਇਤਿਹਾਸ ਬਣਾਇਆ ਹੈ। ਅਤੇ ਸਿੱਖ ਇਤਿਹਾਸਕ ਤੌਰ ਹੋਂਦ ਵਿਚ ਆਉਣ ਵਾਲੀ ਕਸਵੱਟੀ ਉੱਤੇ ਪੂਰੇ ਉਤਰਦੇ ਹਨ।

ਦੂਜੀ ਕਸਵੱਟੀ ਬੋਲੀ ਦੀ ਹੈ। ਇਸ ਉਤੇ ਵੀ

ਸਿੱਖ ਪੂਰੇ ਉਤਰਦੇ ਹਨ। ਇਹਨਾਂ ਸਾਰਿਆਂ ਦੀ ਇਕੋ ਸਾਂਝੀ ਬੋਲੀ ਹੈ, ਉਹ ਹੈ ਪੰਜਾਬੀ। ਤੀਜੀ ਕਸਵੱਟੀ ਸਾਂਝੇ ਇਕ ਜੁਟ ਇਲਾਕੇ ਦੀ ਹੈ। ਉਸ ਤੇ ਵੀ ਇਹ ਪੂਰਾ ਉਤਰਦੇ ਹਨ। ਪੰਜਾਬ ਇਕ ਜੁਟ ਇਲਾਕਾ ਹੈ, ਜਿਥੇ ਉਹ ਵੱਸਦੇ ਹਨ। ਚੌਥੀ ਕਸਵੱਟੀ ਹੈ ਆਰਥਕਤਾ ਸਾਂਝੀ ਹੋਣ ਦੀ। ਸਿੱਖਾਂ ਦੀ ਆਰਥਿਕਤ ਸਾਂਝੀ ਹੈ ਅਤੇ ਦੂਜਿਆਂ ਨਾਲੋਂ ਵੱਖਰੀ ਵੀ ਹੈ। ਇਹਨਾਂ ਦੀ ਆਰ-ਥਿਕਤਾ ਹੀ ਜੋਤੀ ਦੀ ਹੈ, ਦੁਕਾਨਦਾਰੀ ਦੀ ਨਹੀਂ। ਸਿੱਖ 90% ਵਾਹੀ ਜੋਤੀ ਕਰਦੇ ਹਨ। ਪੰਜਵੀਂ ਕਸਵੱਟੀ ਆਰਥਿਕਤਾ ਦੀ ਹੈ। ਉਸ ਉਤੇ ਵੀ ਇਹ ਪੂਰਾ ਉਤਰਦੇ ਹਨ। ਸਿੱਖਾਂ ਦਾ ਸਭਿਆਚਾਰ ਵੀ ਸਾਰਿਆਂ ਨਾਲੋਂ ਵੱਖਰਾ ਹੈ। ਸਭਿਆਚਾਰ ਦਾ ਭਾਵ ਹੈ, ਰਹਿਣ ਸਹਿਣ ਦੇ ਤਰੀਕੇ। ਸੋ ਸਿੱਖੀ ਜੀਵਨ, ਭਾਵ ਸਿੱਖਾਂ ਦੇ ਰਹਿਣ ਸਹਿਣ ਦੇ ਤਰੀਕੇ ਦੂਜਿਆਂ ਨਾਲੋਂ ਵੱਖਰੇ ਹਨ। (ਐਵੇਂ ਜੇ ਕੋਈ ਇਸ ਪੱਖ ਨੂੰ ਧੂ ਕੇ ਮਰੋੜ ਕੇ ਧਰਮ ਨਾਲ ਜੋੜੇ ਤਾਂ ਉਸ ਦੀ ਮਨ ਮਤ ਹੈ)। ਸੋ ਸਿੱਖ ਸਾਥੀ ਜੀ ਦੀ ਦੱਸੀ ਸਟਾਲਨੀ ਕਸਵੱਟੀ ਉਤੇ ਹਰ ਪਾਸਿਓਂ ਪੂਰਾ ਉਤਰਦੇ ਹਨ।

ਅਤੇ ਸਾਥੀ ਜੀ ਦੇ ਅੰਦਰ ਸਿੱਖਾਂ ਦੇ ਇਸ ਕਸ-ਵੱਟੀ ਉਤੇ ਪੂਰੇ ਉਤਰਨ ਵਾਲੀ ਗੱਲ ਮੰਨਣ ਵਿਚ ਆਉਂਦੀ ਜਾਪਦੀ ਹੈ, ਪਰ ਸਾਥੀ ਮਨਣੋ ਝੱਕਦਾ ਹੈ। ਉਹ ਇਸ ਤਰ੍ਹਾਂ ਹੈ, ਕਿ ਸਾਥੀ ਆਪੇ ਆਖਦਾ ਹੈ, 'ਕਿ ਕੋਈ ਬੁੱਧੀ ਜੀਵੀ ਕਹਿ ਸਕਦਾ ਹੈ, ਕਿ ਇਹ ਗੱਲਾਂ (ਕਾ: ਸਟਾਲਨ ਦੀ ਪ੍ਰੀਭਾਸ਼ਾ ਵਾਲੀਆਂ ਗੱਲਾਂ) ਸਿੱਖਾਂ ਤੇ ਵੀ ਲਾਗੂ ਹੁੰਦੀਆਂ ਹਨ। ਪਰ ਸਾਥੀ ਪੈਂਤੜਾ ਬਦਲ ਜਾਂਦਾ ਹੈ ਤੇ ਆਖਦਾ ਹੈ ਕਿ, ਆਹੋ, ਪੰਜਾਬ ਦੀ ਹਿੰਦੂ ਕੌਮ ਮੁਸਲ-ਮਾਨ ਕੌਮ ਆਦਿ। ਅਸੀਂ ਸਾਥੀ ਜੀ ਨੂੰ ਦੱਸਣਾ ਚਾਹਵਾਂਗਾ ਕਿ ਅਸਾਂ ਪਹਿਲਾਂ ਆਖਿਆ ਸੀ ਕਿ ਆਪਣੇ ਸਟੈਂਡ ਤੋਂ ਖਿਸਕਣਾ ਨਹੀਂ ਚਾਹੀਦਾ। ਸਾਥੀ ਜੀ ਲੈਨਨੀ ਕਸਵੱਟੀ ਉਤੇ ਅਸੀਂ ਲਾਇਆ ਹੈ ਸਿਖਾਂ ਨੂੰ ਕਿ ਉਹ ਕੌਮੀ ਖਾਸਾ ਰਖਣ ਵਾਲੀ ਗੱਲ ਉਤੇ ਪੂਰੇ ਉਤਰਦੇ ਹਨ ਕਿ ਨਹੀਂ, ਜੇ ਉਹ ਪੂਰੇ ਉਤਰ ਆਏ ਹਨ ਤਾਂ ਫੈਸਲਾ ਇਹ ਬਣਦਾ ਹੈ ਕਿ ਉਹ ਇਕ ਕੌਮ ਹਨ। ਜਦੋਂ ਅਸੀਂ ਇਕ ਚੀਜ਼ ਨੂੰ ਕਸਵੱਟੀ ਉਤੇ ਲਾ ਰਹੇ ਹਾਂ ਉਸ ਪ੍ਰਤੀ ਹੱਕੀ ਫੈਸਲਾ ਦਿਓ। ਦੂਜੀਆਂ ਚੀਜ਼ਾਂ, ਹਿੰਦੂ ਕੌਮ, ਮੁਸਲਮਾਨ ਕੌਮ, ਈਸਾਈ ਕੌਮ ਵਾਲੀਆਂ ਗੱਲਾਂ ਵਿਚ ਧਸੋਰ ਕੇ ਰਲ ਗੱਡ ਕਰਦੇ ਹੋ ਅਤੇ ਕਸਵਟੀ ਉਤੋਂ ਨਤੀਜੇ ਨੂੰ ਘੋਰ ਮਸੋਰੇ ਵਿਚ ਪਾ ਕੇ ਉਸ ਤੋਂ ਮੁਕਰਨਾਂ ਚਾਹੁੰਦੇ ਹੋ। ਕਸਵਟੀ ਦਾ ਫੈਸਲਾ ਸਾਫ ਹੈ, ਕਿ ਸਿਖ ਇਕ ਕੌਮ ਹਨ। ਇਹ ਲੈਨਨੀ ਪਹੁੰਚ ਹੈ।

ਹੁਣ ਅਸੀਂ ਸਾਥੀ ਜੀ ਦੀ ਅਗਲੀ ਗੱਲ ਲੈਂਦੇ ਹਾਂ। ਸਾਥੀ ਲਿਖਦਾ ਹੈ ਕਿ : 'ਪੰਜਾਬ ਵਿਚ ਵਸਦੇ ਸਾਰੇ ਧਰਮਾਂ, ਜਾਤਾਂ ਅਤੇ ਨਸਲਾਂ ਦੇ ਲੋਕਾਂ ਉਪਰ ਇਹੀ ਪ੍ਰੀਭਾਸ਼ਾ ਲਾਗੂ ਹੁੰਦੀ ਹੈ। ਇਹਨਾਂ ਲੋਕਾਂ ਦੀ ਬੋਲੀ ਪੰਜਾਬੀ ਹੈ। ਇਹਨਾਂ ਦਾ ਸਭਿਆਚਾਰ, ਰਸਮਾਂ ਰੀਤੀ ਰਵਾਜ, ਤਿਥ ਤਿਓਹਾਰ ਅਤੇ ਇਹਨਾਂ ਨੂੰ ਮਨਾਉਣ ਦੇ ਢੰਗ ਸਾਂਝੇ ਹਨ।

ਇਸ ਬਾਰੇ ਅਸੀਂ ਸਾਥੀ ਜੀ ਨਾਲ ਇਹ ਗੱਲ ਕਰਨੀ ਚਾਹਵਾਂਗੇ ਕਿ ਪੰਜਾਬੀਆਂ ਦੀ ਪੰਜਾਬੀ ਸਾਂਝੀ ਬੋਲੀ ਹੋਣ ਦੀ ਧਾਰਨਾ ਠੀਕ ਨਹੀਂ। ਇਸ ਵਿਚ ਬਹੁਤ ਕੁਛ ਗਲਤ ਹੈ। ਜਦੋਂ ਪੰਜਾਬ ਦੀ ਮਰਦਮ ਸ਼ੁਮਾਰੀ ਦੌਰਾਨ ਹਿੰਦੂ ਭਰਾਵਾਂ ਨੂੰ ਪੁਛਿਆ ਗਿਆ ਕਿ ਤੁਹਾਡੀ ਬੋਲੀ ਪੰਜਾਬੀ ਹੈ ਕਿ ਹਿੰਦੀ ? ਤਾਂ ਹਿੰਦੂ ਭਰਾਵਾਂ ਨੇ ਠੋਕ ਵਜਾ ਕੇ ਆਖਿਆ ਕਿ ਸਾਡੀ ਬੋਲੀ ਪੰਜਾਬੀ ਨਹੀਂ ਹੈ, ਸਾਡੀ ਬੋਲੀ ਹਿੰਦੀ ਹੈ। ਸਾਥੀ ਹਕੀਕਤ ਨੂੰ ਵੇਖਣੋ ਝਕਦਾ ਹੈ। ਹਿੰਦੂ ਭਰਾ ਖੁਦ ਤਾਂ ਆਖਦੇ ਹਨ ਕਿ ਸਾਡੀ ਬੋਲੀ ਪੰਜਾਬੀ ਨਹੀਂ ਹਿੰਦੀ ਹੈ ਪਰ ਸਾਥੀ ਬਦੋਬਦੀ ਉਹਨਾਂ ਦੀ ਬੋਲੀ ਪੰਜਾਬੀ ਬਣਾਉਂਦਾ ਹੈ। ਕੀ ਇਹ ਆਪਣੇ ਆਪ ਨੂੰ ਅਤੇ ਲੋਕਾਂ ਨੂੰ ਵੀ ਗਲਤ ਰਾਹੇ ਪਾਉਣ ਵਾਲੀ ਗੱਲ ਨਹੀਂ ?

ਅਗੇ ਰਸਮਾਂ, ਰੀਤਾਂ ਤੇ ਤਿਓਹਾਰਾਂ ਦੀ ਗੱਲ ਲਓ। ਸਿਖਾਂ ਦੀਆਂ ਰਸਮਾਂ,ਰੀਤਾਂ,ਰਵਾਜ ਹਿੰਦੂਆਂ ਨਾਲੋਂ ਬਿਲਕੁਲ ਵਖਰੇ ਹਨ। ਸਿਖਾਂ ਦੇ ਜੰਮਣਿਆਂ, ਮਰਨਿਆਂ ਵਿਆਹੁਣਿਆਂ ਆਦਿ ਦੀਆਂ ਰੀਤਾਂ, ਰਵਾਜ ਹਿੰਦੂਆਂ ਨੂੰ ਬਿਲਕੁਲ ਭਿੰਨ ਹਨ, ਪਰ ਸਿਖ ਹੋਲੀਆਂ ਬਿਲਕੁਲ ਨਹੀਂ ਮਨਾਉਂਦੇ। ਉਹ ਹੋਲਾ ਮਨਾਉਂਦੇ ਹਨ ਅਤੇ ਸ਼ਬਦ ਕੀਰਤਨ ਅਤੇ ਸੂਰਮਿਆਂ ਦੀਆਂ ਵਾਰਾਂ ਨਾਲ ਮਨਾਉਂਦੇ ਹਨ।

ਅਗੇ ਸਾਥੀ ਧਾਰਨਾਂ ਪੇਸ਼ ਕਰਦਾ ਹੈ ਕਿ ਭਾਰਤ ਵਿਚ ਕੋਈ ਵੀ ਇਕੱਲੀ ਇਕਹਰੀ ਕੌਮ ਨਹੀਂ ਹੈ ਜੋ ਕਿ ਦੂਜੀਆਂ ਕੌਮਾਂ ਨੂੰ ਦਬਾਉਂਦੀ ਹੋਵੇ। ਬਲਕਿ ਇਹ ਭਾਰਤ ਦਾ ਕੇਂਦਰੀ ਸਤਾਵਾਦੀ ਢਾਂਚਾ ਹੈ ਜੋ ਸਾਰੀਆਂ ਕੌਮਾਂ ਨੂੰ ਨਪੀੜ ਰਿਹਾ ਹੈ।"

ਸਾਥੀ ਦੀ ਇਸ ਧਾਰਨਾਂ ਬਾਰੇ ਅਸੀਂ ਇਹ ਗੱਲ ਕਰਨਾ ਚਾਹੁੰਦੇ ਹਾਂ। ਮੈਂ ਇਸ ਹੱਥ ਵਿਚਲੇ ਲੇਖ ਵਿਚ, ਥਾਂ ਦੀ ਘਾਟ ਕਰਕੇ, ਇਸ ਗੱਲ ਵਿਚ ਨਹੀਂ ਜਾਣਾ ਚਾਹੁੰਦਾ ਕਿ ਹਿੰਦੂ ਇਕ ਕੌਮ ਹੈ ਕਿ ਨਹੀਂ, ਇਸ ਲੇਖ ਵਿਚ ਮੈਂ ਸਿਰਫ 'ਸਿਖ ਇਕ ਕੌਮ ਹੈ ਕਿ ਨਹੀਂ' ਤਕ ਹੀ ਸੀਮਤ ਰਹਾਂਗੇ। ਪਰ ਇਸ ਧਾਰਨਾ ਬਾਰੇ ਇੰਨੀ ਗੱਲ ਕਰਨੀ ਜ਼ਰੂਰੀ ਸਮਝਾਂਗਾ ਉਹ ਇਹ ਗੱਲ ਕਿ ਸੱਤਾਵਾਦੀ ਢਾਂਚਾ ਹੀ ਨਹੀਂ ਨਪੀੜ ਰਿਹਾ, ਬਲਕਿ ਨਪੀੜ ਓਹ ਸੈਂਟਰ ਦੇ ਵਡੇ ਕਾਬਜ ਸਰਮਾਏਦਾਰ ਨਪੀੜ

ਰਹੇ ਹਨ ਜਿੰਨ੍ਹਾਂ ਨੇ ਇਹ ਢਾਂਚਾ ਖੜਾ ਕੀਤਾ ਹੋਇਆ ਹੈ ਅਤੇ ਜਿਹੜੇ ਇਸ ਦੀ ਰਾਖੀ ਕਰ ਰਹੇ ਹਨ, ਜੋ ਓਹ ਢਾਂਚਾ ਨਹੀਂ ਨਪੀੜਦਾ ਬਲਕਿ ਇਸ ਢਾਂਚੇ ਨੂੰ ਬਨਾਉਣ ਵਾਲੇ ਵਡੇ ਸਰਮਾਏਦਾਰ ਹਨ, ਜੋ ਰਾਜਸੱਤਾ ਨਾਲ ਜ਼ੁਲਮ ਅਤੇ ਇਹਨਾਂ ਵੱਡੇ ਕਾਬਜ ਸ੍ਰਮਾਏਦਾਰਾਂ ਵਿਚ ਭਾਰੀ ਬਹੁ ਗਿਣਤੀ ਹਿੰਦੂਆਂ ਦੀ ਹੈ ਅਤੇ ਭਾਰਤ ਦੇ ਸਾਰੇ ਹਿੰਦੂ ਇਕੋ ਹਿੰਦੂਵਾਦ ਦੇ ਧਾਗੇ ਵਿਚ ਪਰੁਚੇ ਹੋਏ ਹਨ। ਜਦੋਂ ਵੀ ਕਦੀ ਕਿਸੇ ਨਿੱਕੀ ਕੌਮ ਵਲੋਂ ਲੁੱਟ ਅਤੇ ਜ਼ੁਲਮ ਦੇ ਵਿਰੁੱਧ ਵਧੇਰੇ ਹੱਕਾਂ ਵਾਸਤੇ ਕੋਈ ਲਹਿਰ ਛੇੜੀ ਜਾਂਦੀ ਹੈ ਤਾਂ ਉਸ ਹਿੰਦੂਵਾਦ ਦੀ ਅਪਣਤ ਦੇ ਧਾਗੇ ਵਿਚ ਪਰੁੱਚੇ ਸਾਰੇ ਹੀ ਹਿੰਦੂ ਇਕ ਹੋ ਕੇ ਉਸ ਲਹਿਰ ਨੂੰ ਕੁਚਲਨ ਵਾਸਤੇ, ਉਸਨੂੰ ਦੇਸ਼-ਧਰੋਹੀ ਤੇ ਵੱਖਵਾਦ ਗਰਦਾਨ ਕੇ ਇਕ ਹੋ ਕੇ ਉਸ ਉਤੇ ਟੁੱਟ ਪੈਂਦੇ ਹਨ। ਜਿਸ ਤਰ੍ਹਾਂ ਕਿ ਆਸਾਮ ਵਿਚ ਹੋਇਆ, ਮੀਜ਼ੋਰਾਮ ਵਿਚ ਹੋਇਆ, ਪੰਜਾਬ ਵਿਚ ਸਿੱਖਾਂ ਬਾਰੇ ਹੋ ਰਿਹਾ ਹੈ, ਗੋਰਖਾ-ਲੈਂਡ ਮੰਗਣ ਵਾਲਿਆਂ ਗੋਰਖਿਆਂ ਵਿਰੁੱਧ ਹੋ ਰਿਹਾ ਹੈ। ਸਿੱਖਾਂ ਦੀ ਵਧੇਰੇ ਹੱਕਾਂ ਦੇ ਮੋਰਚੇ ਬਾਰੇ ਸਾਰੇ ਭਾਰਤ ਦੇ ਕੁਲ ਹਿੰਦੂ ਇਕ ਆਵਾਜ਼ ਹੋ ਕੇ, ਇਕ ਮੁੱਠ ਹੋ ਕੇ ਸਿੱਖਾਂ ਤੇ ਟੁੱਟ ਪਏ ਕਿ ਇਹ ਸੰਘਰਸ਼ ਦੇਸ਼-ਧਰੋਹੀ, ਅਤੰਕਵਾਦੀ ਹੈ। ਦਰਬਾਰ ਸਾਹਿਬ ਉਤੇ ਫੌਜੀ ਹਮਲਾ ਹੋਣਾ ਚਾਹੀਦਾ ਹੈ। ਇੰਦਰਾ ਗਾਂਧੀ ਦੇ ਕਤਲ ਉਤੇ ਭਾਰਤ ਦੀ ਸ਼ਾਇਦ ਕੋਈ ਥਾਂ ਰਹਿ ਗਈ ਹੋਵੇ ਜਿੱਥੇ ਸਮੂਹਕ ਹਿੰਦੂਆਂ (ਇਕ ਅੱਧੀ ਮਿਸਾਲ ਸੱਚੇ ਹੋਣ ਵਾਸਤੇ ਦਿੱਤੀ ਜਾ ਸਕਦੀ ਹੈ) ਨੇ ਸਿੱਖਾਂ ਨੂੰ ਨਹੀਂ ਮਾਰਿਆ। ਭਾਰਤ ਦਾ ਹਰ ਹਿੰਦੂ ਚਾਹੁੰਦਾ ਹੈ ਕਿ ਫੌਜ ਰਾਹੀਂ, ਪੁਲਸ ਰਾਹੀਂ ਭਾਵ ਹਰ ਤਰੀਕੇ ਨਾਲ ਸਿੱਖਾਂ ਦਾ ਸੰਘਰਸ਼ ਹੀ ਨਹੀਂ ਬਲਕਿ ਸਿੱਖਾਂ ਨੂੰ ਹੀ ਨੱਪ ਦਿੱਤਾ ਜਾਵੇ। ਕਰਮ ਬਰਸਟ ਜੀ, ਇਹ ਹਕੀਕਤਾਂ ਹਨ, ਹਿੰਦੂ ਇਕ ਬਹੁਤ ਵੱਡੀ ਫੈਲੀ ਮਾਦੀ ਹੋਂਦ ਹੈ, ਕੋਈ ਹਵਾਈ ਖਿਆਲੀ ਚੀਜ਼ ਨਹੀਂ। ਇਹਨਾਂ ਹਿੰਦੂਆਂ ਦਾ ਸਾਰੇ ਦੇਸ਼ ਦੀ ਸਿਆਸਤ ਉਤੇ, ਆਰਥਿਕਤਾ ਉਤੇ, ਸਮਾਜਿਕ ਜੀਵਨ ਉਤੇ ਪ੍ਰਮੁਖ ਪ੍ਰਭਾਵ ਹੈ ਅਤੇ ਇਹ ਪ੍ਰਭਾਵ ਕੰਟਰੋਲ ਤੱਕ ਉਪੜ ਜਾਣਾ ਹੈ। ਇਸ ਤੋਂ ਅੱਖਾਂ ਮੀਟ ਲੈਣੀਆਂ ਲੈਨਨਵਾਦ ਨਹੀਂ।

ਹੁਣ ਸਾਥੀ ਦੀ ਅਗਲੀ ਗੱਲ ਲਈਏ। ਸਾਥੀ ਲਿਖਦਾ ਹੈ ਕਿ —ਕਾਮ. ਲੈਨਿਨ ਲਿਖਦਾ ਹੈ ਕਿ— "ਹੁਣ ਸ੍ਰਮਾਏਦਾਰੀ ਦਾ ਰੋਲ ਉਸਾਰੂ ਨਹੀਂ ਰਿਹਾ' ਅਤੇ ਕਿ 'ਇਸ ਸਿੱਖ ਸ੍ਰਮਾਏਦਾਰੀ ਨੇ ਸਿੱਖ ਜਨਤਾ ਦੀ ਮੁਕਤੀ ਨਹੀਂ ਕਰਨੀ।"

ਸਾਥੀ ਜੀ ਅਸਾਂ ਆਪਣੇ ਲੇਖ ਵਿਚ ਕਿਤੇ ਨਹੀਂ ਆਖਿਆ ਕਿ ਸਿੱਖ ਸ੍ਰਮਾਏਦਾਰੀ ਨੇ ਸਿੱਖ ਜਨਤਾ ਦੀ ਕਲਿਆਣ ਕਰ ਦੇਣੀ ਹੈ ਜਾਂ ਕਿ ਇਸ ਨੇ ਸਮਾਜਵਾਦ ਲੈ ਆਉਣਾ ਹੈ। ਅਸਾਂ ਸਿਰਫ ਇਹ ਆਖਿਆ ਹੈ: ਕਿ ਸਿੱਖ ਇਕ ਕੌਮ ਹਨ ਅਤੇ ਉਹਨਾਂ ਨੂੰ ਆਤਮ-ਨਿਰਨੇ ਦਾ ਹੱਕ ਮਿਲਣਾ ਚਾਹੀਦਾ ਹੈ। ਇਸ ਪ੍ਰਤੀ ਕਾਮ. ਲੈਨਨ ਨੇ ਆਪਣੀ ਲਿਖਤ ਵਿਚ ਨਾਰਵੇ ਵਲੋਂ ਸਵੀਡਨ ਕੋਲੋਂ ਆਤਮ ਨਿਰਨੇ ਦਾ ਹੱਕ ਮੰਗਣ ਦੇ ਮਸਲੇ ਤੇ ਨਾਰਵੇ ਦੀਆਂ ਮਜ਼ਦੂਰ ਜਮਾਤਾਂ ਦੇ ਰਵੱਈਏ ਬਾਰੇ ਲਿਖਦਿਆਂ ਆਖਿਆ ਹੈ ਕਿ "ਇਹ ਗੱਲ ਨਹੀਂ ਕਿ ਨਾਰਵੇ ਦੀ ਬੁਰਜੁਆਜ਼ੀ ਸਵੀਡਨ ਕੋਲੋਂ ਆਤਮ ਨਿਰਨੇ ਦਾ ਹੱਕ ਲੈ ਕੇ ਨਾਰਵੇ ਵਿਚ ਸੋਸ਼ਲਿਜ਼ਮ ਲੈ ਆਵੇਗੀ, ਅਸੀਂ ਗੱਲ ਇਹ ਕਰਦੇ ਹਾਂ ਕਿ ਸਵੀਡਨ ਦੀ ਬੁਰਜੁਆਜ਼ੀ ਕੋਲੋਂ ਆਤਮ ਨਿਰਨੇ ਦਾ ਹੱਕ ਲੈ ਕੇ ਨਾਰਵੇ ਵਿਚ ਸੋਸ਼ਲਿਜ਼ਮ ਲੈ ਆਵੇਗੀ, ਅਸੀਂ ਇਹ ਗੱਲ ਇਹ ਕਰਦੇ ਹਾਂ ਕਿ ਸਵੀਡਨ ਦੀ ਬੁਰਜੁਆਜ਼ੀ ਕੋਲੋਂ ਆਤਮ ਨਿਰਨੇ ਦੇ ਹੱਕ ਲੈਣ ਵਾਸਤੇ ਨਾਰਵੇ ਦੀ ਬੁਰਜੁਆਜ਼ੀ ਵਲੋਂ ਲੜੇ ਜਾ ਰਹੇ ਸੰਘਰਸ਼ ਵਿਚ ਇਕ ਜਮਹੂਰੀ ਤੱਤ ਹੈ। ਸਾਨੂੰ ਉਸ ਜਮਹੂਰੀ ਤੱਤ ਦੀ ਮਦਦ ਕਰਕੇ ਇਸ ਸੰਘਰਸ਼ ਦੀ ਧਾਰਾ ਨੂੰ ਵੱਡੀ ਜਾਬਰ ਸਵੀਡਨ ਕੌਮ ਦੇ ਜ਼ੁਲਮ ਅਤੇ ਲੁੱਟ ਦੇ ਬਰ-ਖਿਲਾਫ ਸੇਧਣਾ ਚਾਹੀਦਾ ਹੈ ਅਤੇ ਇਹ ਰਵੱਈਆ ਨਾਰਵੇ ਦੇ ਕਮਿਊਨਿਸਟਾਂ ਨੂੰ ਜਮਾਤੀ ਘੋਲ ਘੁਲਣ ਵਾਸਤੇ ਨਾਰਵੇ ਵਿਚ ਅਧਾਰ ਮੁਹੱਈਆ ਕਰੇਗਾ। (ਅਸਾਂ ਲੈਨਨ ਦੀ ਦਿੱਤੀ ਸੇਧ ਦੇ ਉਲਟ ਜਾ ਕੇ ਪੰਜਾਬ ਮਸਲੇ ਵਿਚ ਉਲਟ ਲੈਨਿਨੀ ਪਹੁੰਚ ਅਪਨਾ ਕੇ ਜਮਾਤੀ ਸੰਘਰਸ਼ ਲੜਨ ਦਾ ਅਧਾਰ ਹਾਲੀ ਗਵਾ ਲਿਆ ਹੈ)। ਸੋ ਸਾਥੀ ਦੀ ਇਹ ਧਾਰਨਾ ਕਿ ਸਿੱਖ ਸ੍ਰਮਾਏਦਾਰੀ ਨੇ ਸੋਸ਼ਲਿਜ਼ਮ ਨਹੀਂ ਲੈ ਆਉਣਾ ਕਾਮ. ਲੈਨਿਨ ਅਨੁਸਾਰ ਠੀਕ ਪਹੁੰਚ ਨਹੀਂ। ਅਸਾਂ ਤਾਂ ਇਸ ਸੰਘਰਸ਼ ਦੇ ਜਮਹੂਰੀ ਤੱਤ ਦੀ ਮਦਦ ਵਾਸਤੇ ਲੈਨਿਨੀ ਅਗਵਾਈ ਅਨੁਸਾਰ ਲਿਖਿਆ ਹੈ।

ਹੋਰ ਅੱਗੇ ਸਾਥੀ ਲਿਖਦਾ ਹੈ ਕਿ 'ਸਾਨੂੰ ਓਨਾ ਚਿਰ ਹੱਥ ਉਤੇ ਹੱਥ ਰੱਖ ਕੇ ਬੈਠ ਨਹੀਂ ਰਹਿਣਾ ਚਾਹੀਦਾ ਅਤੇ ਸਾਨੂੰ ਸ੍ਰਮਾਏਦਾਰ ਤੇ ਪਿਛਾਖੜੀ ਤਾਕਤਾਂ ਵਲੋਂ ਚਲਾਏ ਜਾ ਰਹੇ ਘੋਲਾਂ ਵਿਚ ਨਿੱਗਰ ਦਖਲਅੰਦਾਜ਼ੀ ਕਰਕੇ ਘੋਲਾਂ ਦੀ ਧਾਰਾ ਬੁਨਿਆਦੀ ਦੁਸ਼ਮਨ ਵੱਲ ਸੇਧਦੇ ਹੋਏ ਮਜ਼ਦੂਰ ਜਮਾਤ ਦੀ ਅੰਤਮ ਜਿੱਤ ਵੱਲ ਵੱਧਣਾ ਚਾਹੀਦਾ ਹੈ।"

ਇਸ ਧਾਰਨਾ ਬਾਰੇ ਗਲਤ ਤੇ ਠੀਕ ਜਾਨਣ ਵਾਸਤੇ ਅਸੀਂ ਸਾਥੀ ਜੀ ਨੂੰ ਅਪੀਲ ਕਰਾਂਗੇ ਕਿ ਉਹ ਪੰਜਾਬ ਮਸਲੇ ਨੂੰ ਅਤੇ ਉਸ ਵਿਚ ਕਮਿਊਨਿਸਟਾਂ ਦੀ ਪਹੁੰਚ ਨੂੰ ਹੋਰ ਨਿਰਪੱਖਤਾ ਤੇ ਗੰਭੀਰਤਾ ਨਾਲ ਵਿਚਾਰੇ। ਅਸੀਂ ਇਸ ਸੰਘਰਸ਼ ਵਿਚ ਜੋ ਕਿ ਲੋਕਾਂ ਦੇ ਮੁੱਖ ਦੁਸ਼ਮਣ ਭਾਵ ਭਾਰਤ ਦੇ ਕਾਬਜ ਸ੍ਰਮਾਏਦਾਰ ਦੇ ਬਰਖਿਲਾਫ

ਲੜਿਆ ਜਾ ਰਿਹਾ ਹੈ, ਇਸ ਵਿਚ ਸਿਰਫ ਹੱਥ ਉਤੇ ਹੱਥ ਧਰ ਕੇ ਹੀ ਨਹੀਂ ਬੈਠੇ ਰਹੇ ਬਲਕਿ ਵੱਡੀ ਕਾਬਜ ਸੁਮਾਏਦਾਰੀ ਦੀ ਮੱਦਦ ਕੀਤੀ ਹੈ। ਅਸੀਂ ਇਥੇ ਸਿੱਖਾਂ ਦੇ ਇਸ ਸੰਘਰਸ਼ ਦੇ ਖਾਸੇ ਬਾਰੇ ਸੰਖੇਪ ਤੌਰ ਤੇ ਦੱਸਣਾ ਜ਼ਰੂਰੀ ਸਮਝਦੇ ਹਾਂ। ਇਹ ਸੰਘਰਸ਼ 1982 ਵਿਚ ਅਨੰਦਪੁਰ ਮਤੇ ਦੀਆਂ ਮੰਗਾਂ ਨਾਲ ਸ਼ੁਰੂ ਹੋਇਆ। ਉਸ ਵਿਚ ਮੁਖ ਮੰਗ ਪੰਜਾਬ ਵਾਸਤੇ ਅਤੇ ਸਿੱਖ ਕੌਮ ਦੇ ਆਤਮ ਨਿਰਨੇ ਦੀ ਮੰਗ ਸੀ। ਇਸ ਤੋਂ ਇਲਾਵਾ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦੀ ਜਾਇਜ਼ ਮੰਗ ਸੀ, ਪੰਜਾਬੋਂ ਬਾਹਰ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਨਾ ਅਤੇ ਭਾਰਤ ਦੇ ਫੈਡਰਲ ਢਾਂਚੇ ਨੂੰ ਅਸਲ ਜਮਹੂਰੀ ਢਾਂਚੇ ਦੀ ਸ਼ਕਲ ਦੇਣਾ ਅਤੇ ਇਸ ਮਕਸਦ ਵਾਸਤੇ ਭਾਰਤ ਦੇ ਸੰਵਿਧਾਨ ਵਿਚ ਲੋੜੀਂਦੀਆਂ ਸੋਧਾਂ ਕਰਨੀਆਂ ਆਦਿ ਮੰਗਾਂ ਸਨ। ਇਹ ਸਾਰੀਆਂ ਮੰਗਾਂ ਸਿਆਸੀ ਅਤੇ ਆਰਥਿਕ ਮੰਗਾਂ ਹਨ ਅਤੇ ਜਮਹੂਰੀ ਹਨ। ਇਹਨਾਂ ਮੰਗਾਂ ਉਤੇ ਉਦੋਂ ਤੋਂ ਲੈ ਕੇ ਸਿੱਖ ਸੰਘਰਸ਼ ਕਰਦੇ ਆ ਰਹੇ ਹਨ। (ਸਿੱਖ ਇਸ ਕਰਕੇ ਮੋਹਰੇ ਲੱਗ ਕੇ ਸੰਘਰਸ਼ ਚਲਾ ਰਹੇ ਹਨ ਕਿਉਂਕਿ ਸਿੱਖ ਉਸ ਲੁੱਟ ਵਿਚੋਂ ਸਭ ਤੋਂ ਵਧੇਰੇ ਲੁੱਟ ਖਾਂਦੇ ਹਨ ਜਿਹੜੀ ਲੁੱਟ ਕਿ ਸੈਂਟਰ ਦੀ ਕਾਬਜ ਸੁਮਾਏਦਾਰੀ ਪੰਜਾਬ ਨੂੰ ਆਪਣੇ ਕੱਚੇ ਪੱਕੇ ਮਾਲ ਦੀ ਮੰਡੀ ਬਣਾ ਕੇ ਕਰਦੀ ਹੈ। ਇਸ ਲੁੱਟ ਦੀ ਵਿਣਛਵਾਰ ਇਸ ਤਰ੍ਹਾਂ ਹੈ ਕਿ ਪੰਜਾਬ ਵਿਚ ਸਾਰਾ ਕੱਚਾ ਮਾਲ ਸਿੱਖ ਪੈਦਾ ਕਰਦੇ ਹਨ ਜਿਸ ਨੂੰ ਕਾਬਜ ਸੁਮਾਏਦਾਰੀ ਆਪਹੁਦਰੇ ਸਸਤੇ ਭਾਅ ਬੰਨ ਕੇ ਖਰੀਦ ਕੇ ਲੈ ਜਾਂਦੀ ਹੈ ਅਤੇ ਪੱਕੇ ਮਾਲ ਵਿਚੋਂ ਵੀ ਸਿੱਖ ਸਭ ਤੋਂ ਵੱਧ ਲੁੱਟੇ ਜਾਂਦੇ ਹਨ ਕਿਉਂਕਿ ਉਹ ਸਭ ਤੋਂ ਵੱਡੇ ਖੱਪਤਕਾਰ ਹਨ ਅਤੇ ਤੀਜੀ ਸਭ ਤੋਂ ਵੱਡੀ ਲੁੱਟ ਸਿੱਖ ਟੈਕਸਾ ਵਿਚ ਖਾਂਦੇ ਹਨ, ਭਾਵ ਮਾਲੀਆਨਾ, ਆਬੀਆ-ਨਾ, ਸਪੈਸ਼ਲ ਟੈਕਸ ਅਤੇ ਸੇਲ ਟੈਕਸ ਆਦਿ। ਪੰਜਾਬ ਵਿਚ ਹਿੰਦੂ ਭਰਾਵਾਂ ਦੀ ਲੁੱਟ ਉੱਕਾ ਹੀ ਨਹੀਂ ਹੁੰਦੀ। ਕਿਉਂਕਿ ਇਹ ਲੋਕ 90% ਦੁਕਾਨਦਾਰੀ ਕਰਦੇ ਹਨ ਅਤੇ ਸਾਰੇ ਹੀ ਆਪਣੀ ਰਾਸ ਮੁਤਾਬਕ ਲੁਟ ਕਰਦੇ ਹੀ ਹਨ ਲੁੱਟ ਖਾਂਦੇ ਨਹੀਂ। ਇਨ੍ਹਾਂ ਕਾਰਨਾਂ ਕਰਕੇ ਸਿੱਖ ਮਜਬੂਰਨ ਮੋਹਰੇ ਲੱਗ ਕੇ ਵਧੇਰੇ ਹੱਕਾਂ ਆਦਿ ਦਾ ਸੰਘਰਸ਼ ਲੜ ਰਹੇ ਹਨ। ਇਹ ਸੰਘਰਸ਼ ਫਿਰਕੂ ਨਹੀਂ ਬਲਕਿ ਸਿਆਸੀ, ਆਰਥਿਕ ਅਤੇ ਡੈਮੋਕਰੈਟਿਕ ਹੈ ਅਤੇ ਇਸਦਾ ਮੁੱਖ ਧਾਰਾ ਲੋਕਾਂ ਦੇ ਮੁੱਖ ਦੁਸ਼ਮਣ ਭਾਵ ਸੈਂਟਰ ਦੀ ਕਾਬਜ ਸੁਮਾਏਦਾਰੀ ਦੇ ਵੱਲ ਸੇਧਿਆ ਹੋਇਆ ਹੈ ਅਤੇ ਕਾਮ. ਲੈਨਿਨ ਅਨੁਸਾਰ ਇਸ ਵਿਚ ਇਕ ਜਮਹੂਰੀ ਤੱਤ ਹੈ। ਇਸ ਲਈ ਸਾਥੀ ਕਰਮ ਬਰਸਟ ਦੇ ਕਥਨ ਅਨੁਸਾਰ ਸਾਨੂੰ ਹੱਥ ਉਤੇ ਹੱਥ ਧਰਕੇ ਨਹੀਂ ਬੈਠੇ ਰਹਿਣਾ ਚਾਹੀਦਾ ਬਲਕਿ ਵਧੇਰੇ ਹੱਕਾਂ ਦੇ ਸਿੱਖਾਂ ਵਲੋਂ ਚਲਾਏ ਜਾ ਰਹੇ ਸੰਘਰਸ਼ ਦੀ ਲੈਨਿਨ ਅਨੁਸਾਰ ਹਮਾਇਤ ਕਰਨੀ ਚਾਹੀਦੀ ਹੈ। ਇਸਨੂੰ ਫਿਰਕੂ ਜਨੂੰਨੀ ਦਾ ਫਤਵਾ ਦੇਣਾ ਨਹਾਇਤ ਲੈਨਿਨ ਵਿਰੋਧੀ ਤੇ ਲੋਕ ਵਿਰੋਧੀ ਕਦਮ ਹੈ।

ਦੂਜੀਆਂ ਟਿੱਪਣੀਆਂ ਦਾ ਜਵਾਬ ਦੂਜੇ ਪਰਚਿਆਂ ਵਿਚ ਦਿਆਂਗੇ। o

## 2. ਸਿੱਖ ਕੀ ਕਰਨ/ਕਰਮ ਬਰਸਟ

ਪੰਜਾਬ ਅਤੇ ਸਮੁੱਚੇ ਦੇਸ਼ ਵਿਚ ਪਿਛਲੇ ਛੇ ਸਾਲਾਂ ਦੌਰਾਨ ਅਜਿਹੀਆਂ ਦੁਖਦਾਈ ਅਤੇ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਅਤੇ ਵਾਪਰ ਰਹੀਆਂ ਹਨ ਜਿਹੜੀਆਂ ਹਰ ਸੂਝਵਾਨ ਸ਼ਹਿਰੀ ਨੂੰ ਡੂੰਘੇ ਫਿਕਰਾਂ ਵਿਚ ਪਾ ਰਹੀਆਂ ਹਨ। ਇਹਨਾਂ ਘਟਨਾਵਾਂ ਦਾ ਸਭ ਤੋਂ ਜ਼ਿਆਦਾ ਅਸਰ ਸਿੱਖ ਜਨਤਾ ਉਪਰ ਪੈਂਦਾ ਹੈ। ਜਦੋਂ ਵੀ ਕਿਧਰੇ ਕਿਸੇ ਨਿਰਦੋਸ਼ ਵਿਅਕਤੀ ਦਾ ਜਾਂ ਦਹਿਸ਼ਤਗਰਦਾਂ ਦੀ ਨਜ਼ਰ ਵਿਚ ਕਿਸੇ 'ਕਸੂਰਵਾਰ' ਪੁਲਸੀਏ ਦਾ ਖੂਨ ਡੁੱਲ੍ਹਦਾ ਹੈ ਤਾਂ ਪੰਜਾਬ ਦੀ ਜਨਤਾ ਖਾਸ ਕਰਕੇ ਸਿੱਖ ਜਨਤਾ ਉਪਰ ਹਕੂਮਤੀ ਕਹਿਰ ਦੀ ਸਾੜਸਤੀ ਆਉਂਦੀ ਹੈ ਅਤੇ ਪੰਜਾਬ ਤੋਂ ਬਾਹਰ ਵਸਦੇ ਸਿੱਖ ਕਿਸੇ ਜਾਣੇ-ਅਣਜਾਣੇ ਭੈਅ ਨਾਲ ਕੰਬ ਉੱਠਦੇ ਹਨ। ਪੰਜਾਬ ਵਿਚ ਵਾਪਰਦੀ ਹਰੇਕ ਖੂਨੀ ਘਟਨਾ ਬਾਹਰ ਵਸਦੇ ਸਿੱਖਾਂ ਨੂੰ ਵਾਰ ਵਾਰ ਪੰਜਾਬ ਪਰਤਣ ਲਈ ਸੋਚਣ ਵਾਸਤੇ ਨਵੇਂ ਸਿਰਿਉਂ ਮਜਬੂਰ ਕਰ ਦਿੰਦੀ ਹੈ। ਸਰਕਾਰੀ ਅਤੇ ਪ੍ਰਾਈਵੇਟ ਸੰਚਾਰ ਸਾਧਨਾਂ ਨੇ ਪੰਜਾਬ ਮਸਲੇ ਮਸਲੇ ਨੂੰ ਇਸ ਤਰ੍ਹਾਂ ਵਿਗਾੜਕੇ ਪੇਸ਼ ਕੀਤਾ ਹੈ ਕਿ ਬਾਹਰਲੇ ਸੂਬਿਆਂ ਦੀ ਆਮ ਜਨਤਾ ਵਿਚ ਸਿੱਖਾਂ ਨੂੰ ਕਾਤਲ, ਮੁਜਰਮ ਅਤੇ ਦੇਸ਼-ਧ੍ਰੋਹੀਆਂ ਵਜੋਂ ਪ੍ਰਚਾਰਿਆ ਗਿਆ ਹੈ। ਉਨ੍ਹਾਂ ਨੂੰ ਨਿੱਤ ਦਿਨ ਜ਼ਲੀਲ ਕਰੂ ਟਿੱਪਣੀਆਂ, ਤਾਅਨਿਆਂ, ਨਜ਼ਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਨੀਲਾ ਤਾਰਾ ਕਾਰਵਾਈ ਅਤੇ ਦਿੱਲੀ ਦੰਗਿਆਂ ਦੌਰਾਨ ਅਥਾਹ ਜਾਨੀ ਅਤੇ ਮਾਲੀ ਨੁਕਸਾਨ ਦੇ ਨਾਲ ਨਾਲ ਸਿੱਖਾਂ ਨੂੰ ਡੂੰਘੇ ਮਾਨਸਕ ਸੰਤਾਪ ਵਿਚੋਂ ਲੰਘਣਾ ਪਿਆ ਹੈ। ਕੇਂਦਰ ਦੀ ਕਾਂਗਰਸ ਹਕੂਮਤ ਨੇ ਰੱਜ ਕੇ ਸਿੱਖਾਂ ਦੀ ਭੰਡੀ ਕੀਤੀ ਅਤੇ ਹਿੰਦੂ ਫਿਰਕਾਪ੍ਰਸਤੀ ਨੂੰ ਸ਼ਹਿ ਦੇ ਕੇ ਹਿੰਦੂ ਜਨਤਾ ਦੀਆਂ ਸਿੱਖ ਵਿਰੋਧੀ ਭਾਵ-ਨਾਵਾਂ ਨੂੰ ਭੜਕਾ ਕੇ ਰਾਜ ਗੱਦੀ ਪ੍ਰਾਪਤ ਕਰ ਲਈ। ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਤਾਂ ਕੀ ਦੇਣੀਆਂ ਸਨ ਸਗੋਂ ਮਾਣ ਸਤਿਕਾਰ ਨਾਲ ਉਨ੍ਹਾਂ ਨੂੰ ਕੁਰਸੀਆਂ ਸੌਂਪੀਆਂ ਗਈਆਂ। ਫੇਰ ਪੰਜਾਬ ਸਮਝੌਤਾ ਕਰਕੇ ਜਿਸ

ਤਰ੍ਹਾਂ ਉਸਨੂੰ ਖੇਹ ਖਰਾਬ ਕੀਤਾ ਗਿਆ ਸਾਡੇ ਸਾਹਮਣੇ ਹੈ। ਗੱਲ ਕੀ ਕੇਂਦਰੀ ਕਾਂਗਰਸ ਸਰਕਾਰ ਨੇ ਸਿੱਖ ਜਨਤਾ ਦੀਆਂ ਜ਼ਖ਼ਮੀ ਭਾਵਨਾਵਾਂ ਦੀ ਮਲ੍ਹਮ ਪੱਟੀ ਕਰਨ ਦੀ ਬਜਾਏ ਨਿੱਤ ਨਵੇਂ ਦਿਨ ਉਨ੍ਹਾਂ ਦੇ ਜਖ਼ਮਾਂ 'ਤੇ ਲੂਣ ਛਿੜਕਿਆ ਹੈ।

ਅੱਜ ਜਦੋਂ ਕੇਂਦਰੀ ਸਰਕਾਰ ਪੰਜਾਬ ਸਮਝੌਤੇ ਦੀਆਂ ਲਿਖਤੀ-ਅਲਿਖਤੀ ਸ਼ਰਤਾਂ ਮੰਨਣ ਤੋਂ ਇਨਕਾਰੀ ਹੈ। ਪੰਜਾਬੀ ਖਾਸ ਕਰਕੇ ਸਿੱਖ ਜਨਤਾ ਦੀਆਂ ਹੱਕੀ ਅਤੇ ਜਮਹੂਰੀ ਮੰਗਾਂ-ਇਛਾਵਾਂ ਨੂੰ ਪੈਰਾਂ ਹੇਠ ਮਧੋਲ ਰਹੀ ਹੈ। ਦਹਿਸ਼ਤਗਰਦਾਂ ਨੂੰ ਖਤਮ ਕਰਨ ਦੇ ਨਾਂ ਹੇਠ ਸਿੱਖ ਗਭਰੂਆਂ ਨੂੰ ਝੂਠੇ ਪੁਲਸ ਮੁਕਾਬਲਿਆਂ ਵਿਚ ਮਾਰਿਆ ਜਾ ਰਿਹਾ ਅਤੇ ਸੁਰੱਖਿਆ ਦਸਤਿਆਂ ਹਥੋਂ ਬ੍ਰਹਮਪੁਰਾ ਵਰਗੇ ਕਾਂਡ ਰਚੇ ਜਾ ਰਹੇ ਹਨ। ਖਾਲਿਸਤਾਨੀ ਦਹਿਸ਼ਤਗਰਦਾਂ ਹਥੋਂ ਸਿੱਖ ਧਰਮ ਅਤੇ ਪੰਥ ਦੀ ਰਾਖੀ ਦੇ ਨਾਂ ਹੇਠ ਮਜ਼ਲੂਮ ਵਿਅਕਤੀਆਂ, ਔਰਤਾਂ ਅਤੇ ਬੱਚਿਆਂ ਦਾ ਘਾਣ ਕੀਤਾ ਜਾ ਰਿਹਾ ਹੈ। ਤਾਂ ਅਜਿਹੀ ਹਾਲਤ ਵਿੱਚ ਸਿੱਖ ਕੀ ਕਰਨ ? ਇਹ ਸਵਾਲ ਸਿਖ ਮਨਾਂ ਨੂੰ ਝੰਜੋੜਦਾ ਹੈ। ਇਕ ਪਾਸੇ ਖਾਲਿਸਤਾਨ ਦੇ ਹਮਾਇਤੀ ਹਨ ਜੋ ਸਿੱਖ ਜਨਤਾ ਨੂੰ ਮਜ਼੍ਹਬੀ ਰਾਜ ਕਾਇਮ ਕਰਨ ਲਈ ਜਥੇਬੰਦ ਹੋਣ ਲਈ ਪਰੇਰ ਰਹੇ ਹਨ। ਦੂਜੇ ਪਾਸੇ ਰਾਜਕੀ ਸ਼ਕਤੀਆਂ ਹਨ ਜੋ ਉਹਨਾਂ ਜੋ ਉਹਨਾਂ ਨੂੰ ਮੌਜੂਦਾ ਲੋਕ ਦੋਖੀ ਸਮਾਜਕ ਢਾਂਚੇ ਵਿਚ ਦੜ ਵਟਕੇ ਦਿਹਾੜੇ ਕੱਟਣ ਦੀ ਸਿੱਖਿਆ ਦਿੰਦੀਆਂ ਹਨ। ਸਿੱਖ ਜਨਤਾ ਇਹਨਾਂ ਦੋਹਾਂ ਰਾਹਾਂ ਵਿਚੋਂ ਕਿਹੜਾ ਚੁਣੇ ? ਜਾਂ ਕੋਈ ਤੀਜਾ ਰਾਹ ਹੈ ? ਇਸ ਦਾ ਨਿਰਣਾ ਕਰਨ ਤੋਂ ਪਹਿਲਾਂ ਦੇਖਣਾ ਚਾਹੀਦਾ ਹੈ ਕਿ ਸਿੱਖਾਂ ਦੀ ਇਤਿਹਾਸ ਵਿਚ ਕੀ ਭੂਮਿਕਾ ਰਹੀ ਹੈ ?

ਸਿੱਖ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਚੱਲੀ ਸਿੱਖ ਲਹਿਰ ਮੁਗਲ ਹਕੂਮਤ ਅਤੇ ਰਜਵਾੜਾਸ਼ਾਹੀ ਵਿਰੁੱਧ ਮਨੁੱਖੀ ਆਣ ਅਤੇ ਸ਼ਾਨ ਨਾਲ ਜਿਊਣ ਲਈ ਜਮਹੂਰੀ-ਅਤ, ਅਜ਼ਾਦੀ ਪਸੰਦ ਅਤੇ ਮਿਹਨਤਕਸ਼ਾਂ ਦੀ ਲਹਿਰ ਸੀ ਜਿਸਨੇ ਸਦੀਆਂ ਤੋਂ ਲੁੱਟੇ ਪੁੱਟੇ ਜਾ ਰਹੇ ਲੋਕਾਂ ਵਿਚ ਅਣਖ ਨਾਲ ਜਿਊਣ ਦੀ ਤਾਂਘ ਪੈਦਾ ਕੀਤੀ। ਇਹ ਲਹਿਰ ਜ਼ਾਲਮਾਂ ਵਿਰੁੱਧ ਮਜ਼ਲੂਮਾਂ ਦੀ ਲਹਿਰ ਸੀ ਜਿਸਨੂੰ ਗੁਰਬਾਣੀ ਵਿਚ ਮਨਮੁੱਖਾਂ ਵਿਰੁੱਧ ਗੁਰਮੁਖਾਂ ਦੀ ਟੱਕਰ ਵਜੋਂ ਪੇਸ਼ ਕੀਤਾ ਗਿਆ ਹੈ। ਸਮੇਂ ਦੇ ਹਾਕਮ-'ਰਾਜੇ ਸ਼ੀਂਹ ਮੁਕੱਦਮ ਕੁੱਤੇ' ਮਨਮੁੱਖ ਸਨ ਜਿਹੜੇ ਭਾਈ ਲਾਲੋ ਵਰਗੇ ਕਿਰਤੀਆਂ-ਗੁਰਮੁਖਾਂ ਦੀ ਕਿਰਤ ਕਮਾਈ ਨੂੰ ਚੂੰਡਦੇ ਸਨ। ਮੁਗਲ ਹਕੂਮਤ ਤੋਂ ਬਾਅਦ ਅੰਗਰੇਜ਼ ਹਕੂਮਤ ਵਿਰੁੱਧ ਸਿਖ ਜਨਤਾ ਨੇ ਮਨੁੱਖੀ ਅਜ਼ਾਦੀ ਅਤੇ ਅਣਖ ਦੀ ਜ਼ਿੰਦਗੀ ਜਿਊਣ ਲਈ ਬੇਸ਼ੁਮਾਰ ਕੁਰਬਾਨੀਆਂ ਕੀਤੀਆਂ। ਨਾਮਧਾਰੀ ਲਹਿਰ, ਗਦਰੀ ਬਾਬਿਆਂ ਦੀ ਲਹਿਰ, ਅਕਾਲੀ ਮਰਚੇ ਅਤੇ ਬੱਬਰ ਅਕਾਲੀ ਲਹਿਰ ਵਰਗੀਆਂ ਅਨੇਕਾਂ ਲਹਿਰਾਂ ਦੌਰਾਨ ਅਨੇਕਾਂ ਸ਼ਹੀਦੀਆਂ ਹੋਈਆਂ। ਸ਼ਹੀਦ ਸਾਥੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰਹਿਤ ਸਮਾਜਕ ਢਾਂਚਾ' (ਸਮਾਜਵਾਦ) ਸਥਾਪਤ ਕਰਨ ਦੀ ਜਦੋ ਜਹਿਦ ਭਾਰਤੀ ਇਤਿਹਾਸ ਵਿਚ ਸ਼੍ਰੋਮਣੀ ਸਥਾਨ ਰਖਦੀ ਹੈ।

ਸਪੱਸ਼ਟ ਹੈ ਕਿ ਭਾਰਤੀ ਸਮਾਜ ਦੇ ਵਿਕਾਸ ਦੇ ਇਤਿਹਾਸ ਵਿਚ ਸਿਖ ਜਨਤਾ ਦੀ ਅਦੁੱਤੀ ਭੂਮਿਕਾ ਹੈ। ਪ੍ਰੰਤੂ ਜਿਹੜੀ ਬੁਨਿਆਦੀ ਗੱਲ ਜੋ ਹੱਥਲੇ ਲੇਖ ਦਾ ਮੰਤਵ ਹੈ, ਸਿੱਖ ਜਨਤਾ ਨੂੰ ਆਪਣੇ ਮਨ ਵਿਚ ਵਸਾਉਣੀ ਚਾਹੀਦੀ ਹੈ। ਜਿਸ ਗਲਤ ਧਾਰਨਾ ਤੋਂ ਸਾਨੂੰ ਚੌਕਸ ਰਹਿਣਾ ਚਾਹੀਦਾ ਹੈ ਇਹ ਹੈ ਕਿ ਗੁਰੂ ਸਾਹਿਬਾਨ ਦੀ ਅਗਵਾਈ ਅਧੀਨ ਚੱਲੀ ਸਿੱਖ ਲਹਿਰ ਕਿਸੇ ਖਾਸ ਧਰਮ (ਮੁਸਲਮ) ਵਿਰੁੱਧ ਲਹਿਰ ਨਹੀਂ ਸੀ ਅਤੇ ਨਾ ਹੀ ਇਹ ਕਿਸੇ ਖਾਸ ਧਰਮ (ਹਿੰਦੂ) ਦੀ ਰਖਿਆ ਲਈ ਲਹਿਰ ਸੀ। ਇਹ ਲਹਿਰ ਮੁਗਲ ਹਕੂਮਤ ਦੇ ਜਬਰ ਅਤੇ ਮੁਗਲ ਹਾਕਮਾਂ ਦੀ ਮਜ਼੍ਹਬੀ ਕਟੜਤਾ ਨੂੰ ਖਤਮ ਕਰਨ ਲਈ ਅਤੇ ਸਰਬ ਸਾਂਝਾ ਧਰਮ ਨਿਰਪੱਖ ਸਮਾਜ-ਜਿੱਥੇ ਸਾਰੇ ਧਰਮਾਂ ਦੇ ਲੋਕ ਅਜ਼ਾਦੀ ਅਤੇ ਮਾਣ ਨਾਲ ਰਹਿ ਸਕਣ-ਉਸਾਰਨ ਲਈ ਲਹਿਰ ਸੀ। ਜੀਹਦੇ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਗੀ ਭਾਈ ਮਰਦਾਨੇ, ਫਕੀਰ ਮੀਆਂਮੀਰ (ਹਰਿਮੰਦਰ ਸਾਹਿਬ ਦੀ ਨੀਂਹ ਰੱਖੀ), ਸੱਤਾ-ਬਲਵੰਡ (ਗੁਰੂ ਅਰਜਨਦੇਵ ਜੀ ਦੇ ਹਜ਼ੂਰੀ ਰਾਗੀ) ਤੋਂ ਲੈ ਕੇ ਪੀਰ ਬੁੱਧੂ ਸ਼ਾਹ, ਭਾਈ ਗਨੀ ਖਾਂ, ਨਬੀ ਖਾਂ ਗੁਰੂ ਗੋਬਿੰਦ ਸਿੰਘ ਨੂੰ ਮੁਗਲ ਫੌਜ ਦੇ ਘੇਰੇ ਵਿੱਚੋਂ ਕੱਢਣ ਵਾਲੇ) ਵਰਗੇ ਅਨੇਕਾਂ ਮੁਸਲਮਾਨ ਸਿੱਖਾਂ ਨੇ ਆਪਣਾ ਯੋਗਦਾਨ ਪਾਇਆ। ਨਾ ਹੀ ਇਹ ਨਿਰੋਲ ਹਿੰਦੂ ਧਰਮ ਦੀ ਰੱਖਿਆ ਲਈ ਲਹਿਰ ਸੀ ਕਿਉਂਕਿ ਬਾਈਧਾਰ ਦੇ ਹਿੰਦੂ ਪਹਾੜੀ ਰਾਜੇ ਇਸ ਲਹਿਰ ਵਿਰੁੱਧ ਮੁਗਲ ਹਕੂਮਤ ਦਾ ਸਾਥ ਦੇ ਰਹੇ ਸਨ। ਜਦੋਂ ਕਿ ਆਮ ਹਿੰਦੂ ਮਿਹਨਤਕਸ਼ ਜਨਤਾ ਇਸ ਸਿੱਖ ਲਹਿਰ ਵਿਚ ਸ਼ਾਮਲ ਸੀ। ਕਹਿਣ ਦਾ ਭਾਵ ਹੈ ਕਿ ਲੋਟੂ ਅਤੇ ਜ਼ੁਲਮੀ ਰਜਵਾੜਾਸ਼ਾਹੀ ਭਾਵੇਂ ਮੁਗਲ ਸੀ ਭਾਵੇਂ ਹਿੰਦੂ ਇਕ ਪਾਸੇ ਸੀ ਅਤੇ ਕਾਮੇ-ਕਿਰਤੀ-ਸਿੱਖ, ਹਿੰਦੂ ਅਤੇ ਮੁਸਲ-ਮਾਨ (ਗਿਣਤੀ 'ਚ ਭਾਵੇਂ ਥੋੜੇ) ਦੂਜੇ ਪਾਸੇ ਸਨ। ਗੁਰੂ ਸਾਹਿਬਾਨ ਨੇ ਕਦੇ ਵੀ ਦੂਜੇ ਧਰਮਾਂ ਨੂੰ ਮਾੜਾ ਨਹੀਂ ਕਿਹਾ ਸਗੋਂ ਮਾੜੇ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਮਾੜੇ ਕਿਹਾ ਹੈ ਭਾਵੇਂ ਉਹ ਕਿਸੇ ਵੀ ਧਰਮ ਦੇ ਸਨ।

ਸਗੋਂ ਗੁਰੂ ਗੋਬਿੰਦ ਸਿੰਘ ਨੇ ਤਾਂ ਸਿਖ ਧਰਮ ਵਿਚ ਘੁਸ ਆਏ ਭ੍ਰਿਸ਼ਟ ਮਸੰਦਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ।

ਭਾਰਤ ਦੀ ਆਜ਼ਾਦੀ ਦੀ ਲਹਿਰ ਦੌਰਾਨ ਸਿੱਖਾਂ ਨੇ ਜੋ ਕੁਰਬਾਨੀਆਂ ਦਿੱਤੀਆਂ, ਉਹ ਸਿੱਖ ਹੋਣ ਵਜੋਂ ਜਾਂ ਸਿੱਖਾਂ ਲਈ ਕਿਸੇ ਵੱਖਰੇ ਰਾਜ ਦੀ ਲਾਲਸਾ ਅਧੀਨ ਨਹੀਂ ਦਿੱਤੀਆਂ । ਉਹ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਦੇਸ਼ ਭਗਤ ਭਾਰਤੀ ਅਤੇ ਇਨਕਲਾਬੀ ਸਮਝਦੇ ਸਨ, ਨਾ ਕਿ ਸਿੱਖ । ਇਹਨਾਂ ਸਿੰਘਾਂ, ਸ਼ਹੀਦਾਂ ਦੇਸ਼ ਭਗਤਾਂ ਦਾ ਸਭ ਤੋਂ ਵੱਡਾ ਨਿਸ਼ਾਨਾ ਭਾਰਤ ਨੂੰ ਅੰਗਰੇਜ਼ ਹਕੂਮਤ ਕੋਲੋਂ ਆਜ਼ਾਦ ਕਰਵਾਉਣਾ ਸੀ । ਨਾ ਹੀ ਸਿੱਖਾਂ ਨੇ ਕੁਰਬਾਨੀਆਂ ਹਿੰਦੂਆਂ ਜਾਂ ਮੁਸਲਮਾਨਾਂ ਨਾਲ ਮੁਕਾਬਲੇ-ਬਾਜ਼ੀ ਦੀ ਭਾਵਨਾ ਨਾਲ ਦਿੱਤੀਆਂ ਸਨ, ਬਈ ਦੇਖੀਏ ਕਿਹੜੇ ਧਰਮ ਦੇ ਲੋਕ ਵਧੇਰੇ ਕੁਰਬਾਨੀ ਦਿੰਦੇ ਹਨ । (ਜਿਵੇਂ ਕਿ ਅੱਜ ਕਲ ਸਿੱਖ ਬੁਧੀਜੀਵੀ ਅਤੇ ਲੀਡਰ ਕੁਰਬਾਨੀਆਂ ਦੀ ਪ੍ਰਤੀਸ਼ਤ ਜਾਂ ਦੂਜੇ ਧਰਮਾਂ ਦਾ ਅਨੁਪਾਤ ਕੱਢਦੇ ਰਹਿੰਦੇ ਹਨ) ਕੋਈ ਵੀ ਸ਼ਹੀਦ ਜਾਂ ਲੋਕ-ਸੇਵਾ ਵਿਚ ਲੱਗਿਆ ਵਿਅਕਤੀ ਕਿਸੇ ਹੋਰ ਉਪਰ ਅਹਿਸਾਨ ਕਰਨ ਜਾਂ ਆਪਣੀ ਵਡਿਆਈ ਕਰਾਉਣ ਲਈ ਕੁਰਬਾਨੀ ਨਹੀਂ ਦਿੰਦੇ, ਸਗੋਂ ਮਨੁੱਖਤਾ ਦੀ ਭਲਾਈ, ਆਜ਼ਾਦੀ ਅਤੇ ਮਨੁੱਖਤਾ ਦੇ ਕੰਮ ਆਉਣ ਦਾ ਅਹਿਸਾਸ ਕਰਕੇ ਅਤੇ ਫਰਜ਼ ਸਮਝਕੇ ਉਹ ਕੁਰਬਾਨੀ ਦੇ ਰਾਹ ਪੈਂਦਾ ਹੈ । ਸਿੱਖ ਜਨਤਾ ਦੀਆਂ ਕੁਰਬਾਨੀਆਂ ਨੂੰ ਵੀ ਇਸੇ ਪ੍ਰਸੰਗ ਵਿਚ ਦੇਖਣਾ ਚਾਹੀਦਾ ਹੈ, ਨਾ ਕਿ ਇਨ੍ਹਾਂ ਨੂੰ ਹਿੰਦੂਆਂ ਜਾਂ ਕਿਸੇ ਹੋਰ ਫਿਰਕੇ ਉਪਰ ਅਹਿਸਾਨ ਵਜੋਂ । ਜੇ ਅਸੀਂ ਕੁਰਬਾਨੀ ਦੇ ਅਜਿਹੇ ਸੌੜੇ ਅਰਥ ਕਰਦੇ ਹਾਂ ਤਾਂ ਅਸੀਂ ਆਪਣੇ ਸ਼ਹੀਦਾਂ ਦੀ ਵਡਿਆਈ ਨਹੀਂ ਕਰ ਰਹੇ, ਸਗੋਂ ਉਨ੍ਹਾਂ ਦਾ ਨਿਰਾਦਰ ਕਰ ਰਹੇ ਹਾਂ, ਉਨ੍ਹਾਂ ਦੀ ਕੁਰਬਾਨੀ ਨੂੰ ਮਿੱਟੀ ਵਿਚ ਰੋਲ ਰਹੇ ਹਾਂ ।

ਮਨੁੱਖਤਾ ਦੀ ਆਜ਼ਾਦੀ ਲਈ ਅਤੇ ਜਬਰ-ਜ਼ੁਲਮ ਵਿਰੁੱਧ ਸੰਘਰਸ਼ ਵਿਚ ਸਿੱਖਾਂ ਦੀਆਂ ਕੁਰਬਾਨੀਆਂ ਦਾ ਸੁਨਹਿਰਾ ਇਤਿਹਾਸ ਹੈ । ਨਿਹੱਥੇ, ਨਿਤਾਣੇ ਅਤੇ ਨਿਰ-ਦੋਸ਼ਾਂ ਦੀ ਰੱਖਿਆ ਕਰਨਾ ਸਿੱਖੀ ਦਾ ਮੁੱਢਲਾ ਅਸੂਲ ਹੈ । 'ਭੈ ਕਾਹੂ ਕੋ ਦੇਤਿ ਨਹਿ, ਨਹਿ ਭੈ ਮਾਨਿਤ ਆਨਿ' ਇਹ ਕੁਰਬਾਨੀ ਦੇ ਪੁੰਜ ਗੁਰੂ ਤੇਗ ਬਹਾਦਰ ਜੀ ਦੀ ਵੰਗਾਰ ਹੈ । ਕੀ ਅਸੀ ਇਹਨਾਂ ਅਸੂਲਾਂ 'ਤੇ ਖਰੇ ਉਤਰ ਰਹੇ ਹਾਂ ? ਨਹੀਂ । ਸਾਡੀਆਂ ਅੱਖਾਂ ਦੇ ਸਾਹਮਣੇ ਬੱਸਾਂ ਵਿਚੋਂ ਲਾਹਕੇ ਮਜ਼ਲੂਮ ਕਤਲ ਕੀਤੇ ਜਾਂਦੇ ਹਨ । ਘਰ ਬੈਠੀਆਂ ਔਰਤਾਂ ਅਤੇ ਸਕੂਲ ਜਾਂਦੇ ਨਿੱਕੇ ਨਿੱਕੇ ਬਾਲ ਗੋਲੀਆਂ ਨਾਲ ਵਿੰਨ੍ਹ ਦਿੱਤੇ ਜਾਂਦੇ ਹਨ ।

ਇਹ ਠੀਕ ਹੈ ਕਿ ਪਿਛਲੇ ਅਰਸੇ ਦੌਰਾਨ ਇਸ ਲੋਕ ਵਿਰੋਧੀ ਸਮਾਜਕ ਪ੍ਰਬੰਧ ਵਿਚ ਸਿੱਖਾਂ ਨੂੰ ਪੁੱਜਕੇ ਜ਼ਲੀਲ ਕੀਤਾ ਗਿਆ ਹੈ । ਸਿੱਖ ਧਰਮ ਸਮੇਤ ਬਾਕੀ ਸਾਰੇ ਘੱਟ ਗਿਣਤੀ ਧਰਮਾਂ ਨਾਲ ਧੱਕਾ ਅਤੇ ਵਿਤਕਰਾ ਕੀਤਾ ਜਾਂਦਾ ਹੈ, ਘੱਟ ਗਿਣਤੀ ਕੌਮੀਅਤਾਂ ਨੂੰ ਦਬਾਇਆ ਜਾ ਰਿਹਾ ਹੈ । ਦੇਸ਼ ਭਗਤ ਇਨਕਲਾਬੀਆਂ ਅਤੇ ਆਜ਼ਾਦੀਪਸੰਦ ਲੋਕਾਂ ਨੇ ਜਿਸ ਲੋਕ-ਜਮਹੂਰੀ ਰਾਜ ਲਈ ਕੁਰਬਾਨੀਆਂ ਦਿੱਤੀਆਂ ਸਨ, ਜਿਸ ਵਿਚ ਸਾਰੇ ਧਰਮਾਂ ਅਤੇ ਕੌਮੀਅਤਾਂ ਦੇ ਲੋਕ ਇਕੋ ਜਿਹੀ ਆਜ਼ਾਦੀ ਮਾਣ ਸਕਣ, ਹੋਂਦ ਵਿਚ ਨਹੀਂ ਆਇਆ । ਪ੍ਰੰਤੂ ਭਾਰਤੀ ਰਾਜ ਨੂੰ ਹਿੰਦੂ ਰਾਜ ਜਾਂ ਹਿੰਦੂ ਸਾਮਰਾਜ ਕਹਿਣਾ ਜਾਂ ਇਹ ਕਹਿਣਾ ਕਿ ਇਹ ਨਿਰੋਲ ਸਿੱਖਾਂ ਨਾਲ ਧੱਕਾ ਕਰਦਾ ਹੈ, ਠੀਕ ਨਹੀਂ ਹੈ । ਹਾਂ, ਭਾਰਤੀ ਹਾਕਮ ਜਮਾਤਾਂ ਇਸ ਵੇਲੇ ਵੱਖ ਵੱਖ ਧਰਮਾਂ ਅਤੇ ਕੌਮੀਅਤਾਂ ਦੇ ਲੋਕਾਂ ਨੂੰ ਲੜਾਉਣ ਲਈ ਹਿੰਦੂ ਬਹੁਗਿਣਤੀ ਧਰਮ ਨੂੰ ਵਰਤ ਰਹੀਆਂ ਹਨ, ਹਿੰਦੂ ਫਿਰਕਾਪ੍ਰਸਤੀ ਅਤੇ ਸ਼ਾਵਨ-ਵਾਦ ਨੂੰ ਭੜਕਾ ਰਹੀਆਂ ਹਨ । ਪ੍ਰੰਤੂ ਆਮ ਹਿੰਦੂ ਜਨਤਾ ਵੀ ਰਾਜਕੀ ਜਬਰ ਤੋਂ ਬਚੀ ਹੋਈ ਨਹੀਂ । ਹਿੰਦੂ ਜਨਤਾ ਵੀ ਜਦੋਂ ਅਸਾਮੀਆਂ, ਗੋਰਖਿਆਂ, ਤਾਮਿਲਾਂ ਜਾਂ ਬਿਹਾਰੀਆਂ ਦੇ ਰੂਪ ਵਿਚ ਆਪਣੇ ਹੱਕਾਂ ਲਈ ਹਕੂਮਤ ਵਿਰੁੱਧ ਉਠਦੀ ਹੈ, ਉਸ ਉੱਤੇ ਵੀ ਸਿੱਖਾਂ ਵਾਂਗ ਹੀ ਜਬਰ ਹੁੰਦਾ ਹੈ ।

ਇਸ ਲਈ ਅੱਜ ਇਕੱਲੇ ਸਿੱਖ ਹੀ ਇਸ ਗੈਰ-ਜਮਹੂਰੀ ਸੱਤਾਵਾਦੀ ਰਾਜ ਦਾ ਸ਼ਿਕਾਰ ਨਹੀਂ, ਸਗੋਂ ਸਾਰੇ ਧਰਮਾਂ ਅਤੇ ਕੌਮੀਅਤਾਂ ਦੀ ਜਨਤਾ ਇਸ ਦੇ ਸ਼ਿਕੰਜੇ ਵਿਚ ਨਪੀੜੀ ਜਾ ਰਹੀ ਹੈ । ਇਸ ਪ੍ਰਬੰਧ 'ਚੋਂ ਮੁਕਤ ਹੋਣ ਲਈ ਕਿਰਤੀ ਅਤੇ ਜਮਹੂਰੀ ਸੋਚ ਵਾਲੇ ਸਿੱਖਾ ਨੂੰ ਦੋ ਅਹਿਮ ਕਾਰਜ ਪੂਰੇ ਕਰਨੇ ਹੋਣਗੇ । ਇਕ ਤਾਂ ਸਿੱਖ ਧਰਮ ਅੰਦਰਲੇ ਆਪਣੇ ਦੋਸਤਾਂ ਅਤੇ ਦੁਸ਼ਮਣਾਂ ਦੀ ਪਛਾਣ ਕਰਦੇ ਹੋਏ ਖਾਲਿਸਤਾਨ ਦੇ ਸੰਕਲਪ ਦੀ ਡੂੰਘਾਈ ਨਾਲ ਜਾਂਚ ਕਰਨੀ । ਇਸ ਤਰ੍ਹਾਂ ਦੇ ਮਜ਼ਸਬੀ ਰਾਜ ਨੂੰ ਪਾਕਿਸਤਾਨ ਅਤੇ ਈਰਾਨ ਦੇ ਪ੍ਰਸੰਗ ਵਿਚੋਂ ਰੱਖਕੇ ਘੋਖਣਾ ਚਾਹੀਦਾ ਹੈ । ਪਹਿਲੀ ਗੱਲ ਤਾਂ ਭਾਰਤ ਵਰਗੇ ਵਿਸ਼ਾਲ ਅਤੇ ਕੇਂਦਰੀਕ੍ਰਿਤ ਢਾਂਚੇ ਵਿਚ ਧਰਮ 'ਤੇ ਅਧਾਰਤ ਵੱਖਰੇ ਰਾਜ ਦੀ ਕਲਪਨਾ ਕਰਨਾ ਹੀ ਨਿਰਮੂਲ ਹੈ । ਦੂਜਾ, ਆਜ਼ਾਦੀ ਅਤੇ ਜਮਹੂਰੀਅਤ ਦੇ ਯੁੱਗ ਵਿਚ ਸਮਾਜ ਨੂੰ ਮੱਧਯੁੱਗੀ ਕਦਰਾਂ ਕੀਮਤਾਂ ਵਿਚ ਜਕੜਣਾ ਸਮਾਜਿਕ ਵਿਕਾਸ ਨੂੰ ਪੁੱਠਾ ਗੇੜਾ ਦੇਣਾ ਹੈ । ਤੀਜਾ, ਕੁਰਬਾਨੀਆਂ ਦੇ ਕੇ ਹਾਸਲ ਕੀਤੀ ਮਾੜੀ ਮੋਟੀ ਜਮਹੂਰੀਅਤ ਅਤੇ ਆਜ਼ਾਦੀ ਦਾ ਖਾਤਮਾ ਕਰਨਾ ਹੈ । ਜਿਹੜੇ ਲੋਕ, ਅੱਜ, ਵਿਰੋਧੀ ਵਿਚਾਰ ਰੱਖਣ ਵਾਲਿਆਂ ਨੂੰ ਕਤਲ ਕਰ ਰਹੇ ਹਨ, ਉਹ "ਖਾਲਿਸਤਾਨ" ਵਿਚ ਜੋ ਜਮਹੂਰੀਅਤ ਪ੍ਰਦਾਨ ਕਰਨਗੇ, ਦੱਸਣ ਦੀ ਲੋੜ ਨਹੀਂ ।

Regd. with the Registrar News papers Vide No. MA/12397-D dated 18.4.80
Post Office No P/AR—133

ਦੂਜੀ, ਸਿੱਖਾਂ ਨੂੰ ਗੁਰੂ ਸਾਹਿਬਾਨ ਅਤੇ ਦੂਜੇ ਸਿੱਖ ਸ਼ਹੀਦਾਂ ਦੀਆਂ ਰਵਾਇਤਾਂ ਉਪਰ ਪਹਿਰਾ ਦਿੰਦੇ ਮਨੁੱਖੀ ਆਜ਼ਾਦੀ ਲਈ ਸੰਘਰਸ਼ ਵਿਚੋਂ ਕੁੱਦਣਾ ਚਾਹੀਦਾ ਹੈ। ਅੱਜ ਦਾ ਯੁੱਗ ਧਰਮਾਂ, ਜਾਤਾਂ ਅਤੇ ਕੌਮੀਅਤਾਂ ਵਿਚਕਾਰ ਵੰਡੀਆਂ ਦੀ ਮੰਗ ਨਹੀਂ ਕਰਦਾ, ਸਗੋਂ ਲੋਕ ਵਿਰੋਧੀ, ਜਮਹੂਰੀਅਤ ਵਿਰੋਧੀ ਸਮਾਜਕ ਢਾਂਚੇ ਦੇ ਖਾਤਮੇ ਲਈ ਵਿਸ਼ਾਲ ਏਕੇ ਦੀ ਮੰਗ ਕਰਦਾ ਹੈ। ਸਿੱਖਾਂ ਦੇ ਇੱਜ਼ਤ, ਮਾਣ ਅਤੇ ਆਜ਼ਾਦੀ ਨਾਲ ਜਿਊਣ ਦਾ ਸਵਾਲ ਬਾਕੀ ਧਰਮਾਂ ਅਤੇ ਕੌਮੀਅਤਾਂ ਦੀ ਮੁਕਤੀ ਨਾਲ ਜੁੜਿਆ ਹੋਇਆ ਹੈ। ਅਜੋਕੇ ਸਮੇਂ ਸਮਾਜ ਦਾ ਵਿਕਾਸ ਇਸ ਹੱਦ ਤੱਕ ਪਹੁੰਚ ਗਿਆ ਹੈ ਕਿ ਨਿਰੋਲ ਧਰਮ ਦੇ ਅਧਾਰ 'ਤੇ ਨਾ ਤਾਂ ਕੋਈ ਲਹਿਰ ਲੰਬਾ ਸਮਾਂ ਚਲਾਈ ਜਾ ਸਕਦੀ ਹੈ ਅਤੇ ਨਾ ਹੀ ਇਹ ਇੱਛਤ ਸਿੱਟੇ ਕੱਢ ਸਰਕਦੀ ਹੈ। ਸਗੋਂ ਜ਼ਿੰਦਗੀ ਦੇ ਬੁਨਿਆਦੀ ਮਸਲਿਆਂ ਦੁਆਲੇ ਉਸਰੀ ਇਨਕਲਾਬੀ ਜਮਹੂਰੀ ਲਹਿਰ ਹੀ ਸਿੱਖਾਂ ਸਮੇਤ ਸਮੁੱਚੀ ਭਾਰਤੀ ਜਨਤਾ ਦੀ ਮੁਕਤੀ ਦੀ ਗਰੰਟੀ ਦੇ ਸਕਦੀ ਹੈ। ਇਸ ਲਈ ਅੱਜ ਸਿੱਖ ਜਨਤਾ ਲਈ ਜ਼ਰੂਰੀ ਹੈ ਕਿ ਉਹ ਸਮਾਜ ਦੀਆਂ ਬਾਹਰਮੁਖੀ ਹਾਲਤਾਂ ਦੀ ਪਛਾਣ ਕਰੇ ਅਤੇ ਸਮੁੱਚੀ ਭਾਰਤੀ ਮਿਹਨਤਕਸ਼ ਜਨਤਾ ਨਾਲ ਮਿਲਕੇ ਲੋਕ ਮੁਕਤੀ ਲਈ ਚੱਲ ਰਹੇ ਸੰਘਰਸ਼ ਵਿਚ ਯੋਗਦਾਨ ਪਾਵੇ।

## 3. ਗੋਲਮੇਜ਼ ਦੇ ਸੁਝਾਅ ਬਾਰੇ ਤੇ ਇਨਕਲਾਬੀ ਏਕਤਾ ਕੇਂਦਰ ਬਾਰੇ ਇਕ ਸਾਥੀ ਦੀ ਚਿੱਠੀ ਤੇ ਉਸਦਾ ਜਵਾਬ

ਤੁਸੀਂ ਇਨਕਲਾਬੀ ਏਕਤਾ ਕੇਂਦਰ ਦੇ ਕਨਵੀਨਰ ਹੋ ਤੇ ਮਾਰਕਸਵਾਦ, ਲੈਨਿਨਵਾਦ ਤੇ ਮਾਓਵਿਚਾਰਾਂ ਦੇ ਅਧਾਰ ਤੇ ਇਹ ਕੇਂਦਰ ਦੀ ਉਸਾਰੀ ਦੀ ਗੱਲ ਕਰਦੇ ਹੋ

ਗੱਲ ਕੀਤੀ ਹੈ ਗੋਲਮੇਜ਼ ਕਾਨਫਰੰਸ ਦੀ ਜਿਸ ਤੇ ਪੰਜਾਬ ਦੀਆਂ ਹਿੰਦੂਆਂ, ਸਿੱਖਾਂ ਤੇ ਚੋਣ ਲੜਦੀਆਂ ਬਾਕੀ ਪਾਰਟੀਆਂ ਤੇ ਇਸੇ ਤਰ੍ਹਾਂ ਰਾਜਸਥਾਨ ਤੇ ਹਰਿਆਣੇ ਦੀਆਂ ਧਿਰਾਂ ਨੂੰ ਵੀ ਗੋਲਮੇਜ਼ ਤੇ ਲਿਆ ਕੇ ਹੱਲ ਕੱਢਣਾ ਸੋਚਦੇ ਹੋ। ਇਸਦੇ ਨਾਲ ਹੀ ਖਾਲਸਥਾਨੀਆਂ ਨੂੰ ਵੀ ਸਰਕਾਰ ਨੂੰ ਉਨ੍ਹਾਂ ਦੀ ਸੁਰੱਖਿਆ ਲਈ ਕਹਿ ਕੇ ਗੋਲ ਮੇਜ਼ ਤੇ ਬੁਲਾਉਂਦੇ ਹੋ। ਬੜੀ ਹੀ ਸ਼ਰਮ ਵਾਲੀ ਗੱਲ ਹੈ।

ਇਹ ਕੇਹੀ ਮਾਰਕਸਵਾਦ, ਲੈਨਿਨਵਾਦ ਤੇ ਮਾਓ ਵਿਚਾਰਧਾਰਾ ਹੈ ਕਿ ਫਿਰਕੂ ਜਨੂੰਨੀਆਂ ਨੂੰ ਇਸ ਤਰ੍ਹਾਂ ਦੀ ਗੱਲ ਕਹੀ ਜਾਵੇ। ਜਦੋਂ ਕਿ ਉਹ ਖਾਲਸਥਾਨ ਤੋਂ ਘਟ ਕਿਸੇ ਵੀ ਗੱਲ ਸੁਨਣ ਲਈ ਤਿਆਰ ਨਹੀਂ।

ਕੀ ਕੋਈ ਇਤਿਹਾਸ ਦੀ ਉਦਾਹਰਣ ਹੈ ਜਿਸ ਤਰਾਂ ਤੁਸੀਂ ਕਰ ਰਹੇ ਹੋ। ਕੀ ਸਰਕਾਰੀ ਖੁੱਲ੍ਹਾਂ ਲੈ ਕੇ ਕੋਈ ਪਾਰਟੀ ਇਨਕਲਾਬ ਕਰ ਸਕੇਗੀ? ਜਿਵੇਂ ਤੁਸੀਂ ਲਿਖਿਆ ਹੈ ਕਿ ਮੌਜੂਦਾ ਹਾਲਤਾਂ ਦਾ ਅਸਥਾਈ ਹੱਲ ਵੀ ਲੱਭਿਆ ਜਾਣਾ ਚਾਹੀਦਾ ਹੈ। ਇਹ ਕਿਹੜੇ ਸਿਧਾਂਤ ਤੇ ਚੱਲ ਕੇ ਗੱਲ ਕਰਦੇ ਹੋ? ਕੀ ਇਹੀ ਹੈ ਏਕਤਾ ਕੇਂਦਰ ਦਾ ਮਾਰਕਸਵਾਦ ਲੈਨਿਨਵਾਦ ਤੇ ਮਾਓ ਵਿਚਾਰਧਾਰਾ?

ਇਤਿਹਾਸ ਦੀਆਂ ਉਦਾਹਰਣਾਂ ਦੇ ਕੇ ਉਨ੍ਹਾਂ ਦੇ ਪਦ ਚਿੰਨਾਂ ਤੇ ਚੱਲ ਕੇ ਦੋਸਤ ਤੇ ਦੁਸ਼ਮਣ ਵਿਚ ਨਖੇੜਾ ਕਰੋ ਤੇ ਕਿਸੇ ਵੀ ਦੁਸ਼ਮਣ ਨਾਲ ਰਿਆਤ ਦਿਲੀ ਨਾਲ ਵਰਤੋ। ਇਹ ਨੀਤੀ ਹੋਣੀ ਚਾਹੀਦੀ ਹੈ ਏਕਤਾ ਕੇਂਦਰ ਦੀ।

ਰਤਨ ਸਿੰਘ ਭੰਡਾਰੀ ਧੂਰੀ

ਸਾਥੀ ਜੀ,

ਕਿਸੇ ਇਕ ਥਾਂ ਕੋਈ ਝਗੜਾ ਚਲ ਰਿਹਾ ਹੋਏ, ਲੋਕਾਂ ਦਾ ਨੁਕਸਾਨ ਕਰ ਰਿਹਾ ਹੋਏ ਅਤੇ ਇਹ ਜਾਣਦੇ ਹੋਏ ਵੀ ਕਿ ਇਕ ਜਾਂ ਦੂਜੀ ਧਿਰ ਧੱਕੜ ਰਵਈਆ ਇਖਤਿਆਰ ਕਰਕੇ ਬੈਠੀ ਹੈ, ਤਾਂ ਵੀ ਜੇਕਰ ਇਹ ਸੁਝਾਅ ਦਿਤਾ ਜਾਏ ਕਿ ਆਪਸ ਵਿਚ ਬੈਠਕੇ ਗੱਲ ਨਜਿੱਠ ਲਵੋ ਤਾਂ ਇਸ ਵਿਚ ਗ਼ੈਰ ਮਾਰਕਸੀ, ਗ਼ੈਰ ਲੈਨਨਵਾਦੀ ਜਾਂ ਗ਼ੈਰ ਮਾਓਵਾਦੀ ਗੱਲ ਕਿਹੜੀ ਹੈ? ਨਾ ਹੀ ਮੈਂ ਇਹ ਦਾਅਵਾ ਕਰਦਾ ਹਾਂ ਕਿ ਇਹ ਹਲ ਮਾਰਕਸਵਾਦੀ, ਲੈਨਨਵਾਦੀ ਜਾਂ ਮਾਓਵਾਦੀ ਹੈ। ਇਹ ਅਮਲੀ ਸਿਆਸਤ ਦੀ ਗੱਲ ਹੈ ਤੇ ਇਹਦੇ ਵਿਚ ਸਿਧਾਂਤ ਨੂੰ ਬਦੋਬਦੀ ਘਸੋੜਣਾ ਕੋਈ ਚੰਗੀ ਗੱਲ ਨਹੀਂ। ਇਨਕਲਾਬੀ ਏਕਤਾ ਕੇਂਦਰ ਨੇ ਹਾਲੇ ਅਪਣੇ ਸਾਹਮਣੇ ਤਿੰਨ ਹੀ ਨਿਸ਼ਾਨੇ ਮਿੱਥੇ ਹਨ, ਉਹ ਇਹ ਹਨ: ਪਹਿਲਾ ਇਨਕਲਾਬੀ ਵਿਚਾਰਧਾਂਰਾ ਦਾ ਪ੍ਰਚਾਰ, ਦੂਜਾ ਵੱਖ ਵੱਖ ਕਮਿਊਨਿਸਟ ਇਨਕਲਾਬੀਆਂ ਦਰਮਿਆਨ ਰੱਟੇ ਵਾਲੇ ਮਾਮਲਿਆਂ ਬਾਰੇ ਭਰਾਤਰੀ ਆਲੇ ਦੁਆਲੇ ਵਿਚ, ਵਿਚਾਰ ਵਟਾਂਦਰਾਂ ਅਤੇ ਵਿਚਾਰਧਾਰਕ ਸਾਂਝ ਲਿਆਉਣੀ ਤੇ ਤੀਜਾ ਲੋਕਾਂ ਦੇ ਮਸਲਿਆਂ ਬਾਰੇ ਸਾਂਝੇ ਫਰੰਟਾਂ ਵਿਚ ਏਕਤਾ। ਇਹ ਸੀਮਤ ਪ੍ਰੋਗਰਾਮ ਹੈ। ਜੇਕਰ ਕਿਸੇ ਗਰੁੱਪ ਜਾਂ ਪਾਰਟੀ ਦੀ ਇਸ ਤੋਂ ਅਗੇ ਜਾਣ ਦੀ ਸਮੱਰਥਾ ਹੈ ਤਾਂ ਉਸਨੂੰ ਜ਼ਰੂਰ ਜਾਣਾ ਚਾਹੀਦਾ ਹੈ। ਕੇਂਦਰ ਜੋ ਵੀ ਵੱਧ ਤੋਂ ਵਧ ਸਹਿਯੋਗ ਦੇ ਸਕਦਾ ਹੈ, ਜ਼ਰੂਰ ਦੇਵੇਗਾ। ਕੇਂਦਰ ਅਪਣੇ ਤੌਰ ਤੇ ਸਾਰੀਆਂ ਕਾਰਵਾਈਆਂ ਖੁਲ੍ਹੀਆਂ ਕਰੇਗਾ ਅਤੇ ਬੁਰਜੁਆ ਅਜ਼ਾਦੀਆਂ ਦੀ ਵੱਧ ਤੋਂ ਵੱਧ ਵਰਤੋਂ ਕਰੇਗਾ ਪਰ ਕੇਂਦਰ ਕਿਸੇ ਇਨਕਲਾਬੀ ਗਰੁੱਪ ਨੂੰ ਇਹ ਸਲਾਹ ਨਹੀਂ ਦੇਂਦਾ ਕਿ ਉਹ ਅਪਣੀ ਖੁਫੀਆ ਜਥੇਬੰਦੀ ਨੂੰ ਖੁਲ੍ਹਾ ਕਰੇ। ਇਨਕਲਾਬ ਹਾਲੇ ਏਜੰਡਾ ਤੇ ਨਹੀਂ ਲਿਆ-ਇਆ ਜਾ ਸਕਿਆ। ਪਹਿਲਾ ਪੜਾਅ ਇਹਦੀ ਲੋੜ ਬਾਰੇ ਲੋਕਾਂ ਵਿਚ ਜਾਗ੍ਰਿਤੀ ਲਿਆਉਣੀ ਹੈ। ਦੂਜੇ ਪੜਾਅ ਬਾਰੇ ਕੇਂਦਰ ਦੀ ਸੋਚ ਜ਼ਰੂਰ ਹੈ ਪਰ ਸਮੇਂ ਤੋਂ ਪਹਿਲਾਂ ਗੱਲ ਕਰਨੀ ਕੋਈ ਬਹੁਤੀ ਜ਼ਰੂਰੀ ਨਹੀਂ।/ਗੁਰਸ਼ਰਨ ਸਿੰਘ